# ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ-ਕਲਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਭਾਸ਼ਾ

ਫ਼ੈਕਲਟੀ ਅਧੀਨ ਐਮ.ਫਿਲ. (ਪੰਜਾਬੀ ਸਾਹਿਤ ਅਧਿਐਨ)

ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਨਿਬੰਧ**

**2022**


**ਨਿਗਰਾਨ**

**ਡਾ. ਅੰਮ੍ਰਿਤਪਾਲ ਕੌਰ**
(ਪ੍ਰੋਫ਼ੈਸਰ)
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ**

**ਬਲਜੀਤ ਸਿੰਘ**
ਰੋਲ ਨੰ: 1957114


PUNJABI UNIVERSITY PATIALA

**ਪੰਜਾਬੀ ਸਾਹਿਤ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਮੇਰੇ ਸਤਿਕਾਰਯੋਗ

ਦਾਦਾ ਜੀ

ਸ੍ਰੀ ਜੱਗਾ ਸਿੰਘ ਦੀ ਨਿੱਘੀ

ਯਾਦ ਨੂੰ ਸਮਰਪਿਤ

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਬਲਜੀਤ ਸਿੰਘ ਨੇ **'ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ-ਕਲਾ'** ਵਿਸ਼ੇ ਤੇ ਐਮ.ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਸੰਪੂਰਨ ਕੀਤਾ ਹੈ। ਇਹ ਵਿਦਿਆਰਥੀ ਦਾ ਮੌਲਿਕ ਖੋਜ ਕਾਰਜ ਹੈ ਅਤੇ ਉਸਦੀ ਆਪਣੀ ਮਿਹਨਤ ਦਾ ਪ੍ਰਤੀਫ਼ਲ ਹੈ।

ਮੈਂ ਇਸ ਖੋਜ-ਨਿਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਵਾਸਤੇ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

**ਨਿਗਰਾਨ**

**ਡਾ. ਅੰਮ੍ਰਿਤਪਾਲ ਕੌਰ**
(ਪ੍ਰੋਫ਼ੈਸਰ)
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਘੋਸ਼ਣਾ-ਪੱਤਰ

ਮੈਂ ਬਲਜੀਤ ਸਿੰਘ ਇਹ ਬਿਆਨ ਕਰਦਾ ਹਾਂ ਕਿ **'ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ-ਕਲਾ'** ਵਿਸ਼ੇ ਤੇ ਲਿਖੇ ਇਸ ਖੋਜ-ਨਿਬੰਧ ਵਿਚਲਾ ਖੋਜ-ਕਾਰਜ ਨਿਰੋਲ ਮੇਰਾ ਆਪਣਾ ਹੈ। ਇਸ ਵਿੱਚ ਕੋਈ ਵੀ ਅਜਿਹਾ ਕਾਰਜ ਸ਼ਾਮਿਲ ਨਹੀਂ ਕੀਤਾ ਗਿਆ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਨਿਗਰਾਨ**

**ਡਾ. ਅੰਮ੍ਰਿਤਪਾਲ ਕੌਰ**
(ਪ੍ਰੋਫ਼ੈਸਰ)
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ**

**ਬਲਜੀਤ ਸਿੰਘ**

# ਧੰਨਵਾਦ

- ਸਭ ਤੋਂ ਪਹਿਲਾਂ ਮੈਂ ਆਪਣੀ ਨਿਗਰਾਨ ਡਾ. ਅੰਮ੍ਰਿਤਪਾਲ ਕੌਰ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ-ਕਾਰਜ ਦੌਰਾਨ ਆਉਣ ਵਾਲੀ ਹਰ ਛੋਟੀ ਤੋਂ ਛੋਟੀ ਔਕੜ ਨੂੰ ਵੀ ਵਿਦਵਤਾਪੂਰਨ ਢੰਗ ਨਾਲ ਸੁਲਝਾ ਕੇ ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਮੇਰੀ ਯੋਗ ਰਹਿਨੁਮਾਈ ਕੀਤੀ।
- ਮੈਂ ਸ਼ੁਕਰਗੁਜ਼ਾਰ ਹਾਂ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਸਾਹਿਬ, ਅਧਿਆਪਕ ਸਾਹਿਬਾਨ ਅਤੇ ਸਮੂਹ ਦਫ਼ਤਰੀ ਅਮਲੇ ਦਾ ਜਿਨ੍ਹਾਂ ਨੇ ਇਸ ਖੋਜ-ਕਾਰਜ ਦੌਰਾਨ ਮੇਰੀ ਲੋੜੀਂਦੀ ਸਹਾਇਤਾ ਕੀਤੀ।
- ਮੈਂ ਪਿਆਰਾ ਸਿੰਘ ਕੁੱਦੋਵਾਲ ਦਾ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿੰਨ੍ਹਾਂ ਨੇ ਇਸ ਖੋਜ ਕਾਰਜ ਦੌਰਾਨ ਮੇਰੀ ਹਰ ਸੰਭਵ ਮੱਦਦ ਕੀਤੀ।
- ਅਖੀਰ ਵਿੱਚ ਮੈਂ ਆਪਣੇ ਖ਼ੋਜ ਕਾਰਜ ਦੇ ਸ਼ੁਭਚਿੰਤਕਾਂ ਗੀਤਿਕਾ, ਗੁਰਵਿੰਦਰ, ਗੁਰਦੀਪ ਅਤੇ ਗਗਨਦੀਪ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ-ਕਾਰਜ ਦੌਰਾਨ ਮੇਰੀ ਹਰ ਸੰਭਵ ਮੱਦਦ ਕੀਤੀ।

# ਤਤਕਰਾ


ਭੂਮਿਕਾ

ਅਧਿਆਇ-ਪਹਿਲਾ

ਪਿਆਰਾ ਸਿੰਘ ਕੁੱਦੋਵਾਲ: ਜੀਵਨ ਤੇ ਰਚਨਾ ਦ੍ਰਿਸ਼ਟੀ 1-18

ਅਧਿਆਇ-ਦੂਜਾ

ਪਿਆਰਾ ਸਿੰਘ ਕੁੱਦੋਵਾਲ ਦੇ ਕਾਵਿ-ਸਰੋਕਾਰ 19-55

ਅਧਿਆਇ-ਤੀਜਾ

ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ-ਕਲਾ 56-91

ਅਧਿਆਇ-ਚੌਥਾ

ਕੈਨੇਡਾ ਦੀ ਪੰਜਾਬੀ ਕਵਿਤਾ ਵਿੱਚ ਪਿਆਰਾ ਸਿੰਘ ਕੁੱਦੋਵਾਲ ਦਾ ਸਥਾਨ 92-107

ਸਾਰ ਤੇ ਸਥਾਪਨਾਵਾਂ 108-109

ਪੁਸਤਕ ਸੂਚੀ 110-111

# ਭੂਮਿਕਾ

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਪਰਵਾਸੀ ਪੰਜਾਬੀ ਕਵਿਤਾ ਦੀ ਬੜੀ ਅਹਿਮ ਭੂਮਿਕਾ ਹੈ। ਸਮਕਾਲੀ ਦੌਰ ਵਿੱਚ ਅਮਰੀਕਾ, ਕੈਨੇਡਾ, ਅਸਟਰੇਲੀਆ, ਇੰਗਲੈਂਡ ਆਦਿ ਮੁਲਕਾਂ ਅੰਦਰ ਰਚੀ ਜਾ ਰਹੀ ਪੰਜਾਬੀ ਕਵਿਤਾ ਨੇ ਪੰਜਾਬੀ ਸਾਹਿਤ ਵਿੱਚ ਇਕ ਕ੍ਰਾਂਤੀਕਾਰੀ ਰੋਲ ਅਦਾ ਕੀਤਾ ਹੈ। ਸਾਹਿਤ ਨੂੰ ਰੂਪ ਅਤੇ ਵਿਸ਼ੇ ਪੱਖੋਂ ਸਮਰੱਥ ਬਣਾਉਣ ਵਿੱਚ ਜਿੱਥੇ ਭਾਰਤੀ/ਪੰਜਾਬੀ ਲੇਖਕਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ, ਉੱਥੇ ਨਾਲ ਹੀ ਪਰਵਾਸੀ ਲੇਖਕਾਂ ਨੇ ਵੀ ਇਸ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ। ਇਨ੍ਹਾਂ ਲੇਖਕਾਂ ਨੇ ਪਰਵਾਸੀ ਮਸਲਿਆਂ ਨੂੰ ਆਪਣੀਆਂ ਕਵਿਤਾਵਾਂ ਦਾ ਹਿੱਸਾ ਬਣਾ ਕੇ ਵਿਸ਼ਵ ਦ੍ਰਿਸ਼ਟੀ ਦਾ ਧਾਰਨੀ ਬਣਾਉਣ ਵਿੱਚ ਬੜੀ ਅਹਿਮ ਭੂਮਿਕਾ ਨਿਭਾਈ ਹੈ। ਪਿਆਰਾ ਸਿੰਘ ਕੁੱਦੋਵਾਲ ਪਰਵਾਸੀ ਪੰਜਾਬੀ ਕਵਿਤਾ ਵਿੱਚ ਆਪਣਾ ਨਾਂ ਬਣਾਉਣ ਵਾਲਾ ਇਕ ਅਜਿਹਾ ਹੀ ਗੌਲਣਯੋਗ ਸ਼ਾਇਰ ਹੈ। ਉਹ ਮਾਨਵੀ ਸਰੋਕਾਰਾਂ ਨੂੰ ਪ੍ਰਣਾਇਆ ਹੋਇਆ ਇਕ ਪ੍ਰਤੀਬੱਧ ਸ਼ਾਇਰ ਹੈ। ਉਸਦੀ ਰਚਨਾ ਦ੍ਰਿਸ਼ਟੀ ਦਾ ਘੇਰਾ ਬੜਾ ਵਸੀਹ ਹੈ। ਹੱਥਲਾ ਖੋਜ ਨਿਬੰਧ **ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ-ਕਲਾ** ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਦੇ ਸਾਹਿਤਕ ਅਧਿਐਨ ਵੱਲ ਰੁਚਿਤ ਹੈ। ਇਸ ਖੋਜ ਨਿਬੰਧ ਨੂੰ ਚਾਰ ਅਧਿਆਵਾਂ ਵਿੱਚ ਵੰਡਕੇ ਨੇਪਰੇ ਚਾੜ੍ਹਿਆ ਗਿਆ ਹੈ।

ਪਹਿਲਾ ਅਧਿਆਇ **ਪਿਆਰਾ ਸਿੰਘ ਕੁੱਦੋਵਾਲ ਜੀਵਨ ਤੇ ਰਚਨਾ ਦ੍ਰਿਸ਼ਟੀ** ਵਿੱਚ ਉਸਦੇ ਸਾਹਿਤਕ ਸਫ਼ਰ ਨੂੰ ਸਕਾਰਾਤਮਕ ਦਿਸ਼ਾ ਪ੍ਰਦਾਨ ਕਰਨ ਵਾਲੀਆਂ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਪਿਆਰਾ ਸਿੰਘ ਕੁੱਦੋਵਾਲ ਦਾ ਜਨਮ, ਮਾਤਾ- ਪਿਤਾ, ਵਿੱਦਿਆ, ਵਿਆਹ ਅਤੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਬਾਰੇ ਵਿਸਤਰਿਤ ਜਾਣਕਾਰੀ ਦਿੱਤੀ ਗਈ ਹੈ। ਇਸਦੇ ਨਾਲ ਹੀ ਉਸਦੀਆਂ ਸਾਹਿਤਕ ਰਚਨਾਵਾਂ ਨਾਲ ਵੀ ਸੰਖੇਪ ਰੂਪ ਵਿੱਚ ਜਾਣ ਪਹਿਚਾਣ ਕਰਵਾਈ ਗਈ ਹੈ।

ਦੂਸਰਾ ਅਧਿਆਇ **ਪਿਆਰਾ ਸਿੰਘ ਕੁੱਦੋਵਾਲ ਦੇ ਕਾਵਿ ਸਰੋਕਾਰ** ਹੈ। ਇਸ ਅਧਿਆਇ ਵਿੱਚ ਪਿਆਰਾ ਸਿੰਘ ਕੁੱਦੋਵਾਲ ਦੀਆਂ ਕਵਿਤਾਵਾਂ ਵਿਚ ਪੇਸ਼ ਹੋਏ ਵਿਸ਼ਿਆਂ ਨੂੰ ਅਧਿਐਨ ਦਾ ਕੇਂਦਰ ਬਣਾਇਆ ਗਿਆ ਹੈ। ਉਸਦੇ ਕਾਵਿ ਕਰਮ ਵਿੱਚੋਂ ਸਾਂਝੇ ਰੂਪ ਵਿੱਚ ਪੇਸ਼ ਹੋਏ ਵਿਸ਼ਿਆ ਅੰਦਰ ਵਿਸ਼ਵੀਕਰਨ ਦਾ ਵਿਰੋਧ, ਪੂੰਜੀਵਾਦੀ ਪ੍ਰਬੰਧ ਦੇ ਮਾਰੂ ਪ੍ਰਭਾਵ, ਸਮਾਜਿਕ ਸਰੋਕਾਰ, ਧਾਰਮਿਕ ਤੇ ਰਾਜਸੀ ਸਰੋਕਾਰ, ਫਿਰਕਾਪ੍ਰਸਤੀ

ਅਤੇ ਮਾਨਵੀ ਹੋਂਦ ਨੂੰ ਦਰਪੇਸ਼ ਸੰਕਟਾਂ ਦੀ ਨਿਸ਼ਾਨ ਦੇਹੀ ਕੀਤੀ ਗਈ ਹੈ। ਫੁਟਕਲ ਸਰੋਕਾਰਾਂ ਦੇ ਅੰਤਰਗਤ ਨੈਤਿਕਤਾ, ਪਿਆਰ ਅਨੁਭਵ ਅਤੇ ਪ੍ਰਕਿਰਤਕ ਸਰੋਕਾਰਾਂ ਨੂੰ ਵਿਚਾਰਿਆ ਗਿਆ ਹੈ।

ਤੀਸਰਾ ਅਧਿਆਇ **ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ ਕਲਾ** ਵਿੱਚ ਉਸ ਦੁਆਰਾ ਵਰਤੀਆਂ ਗਈਆਂ ਕਾਵਿ ਜੁਗਤਾਂ ਨਾਲ ਸਬੰਧਿਤ ਹੈ। ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਕਵੀ ਦੁਆਰਾ ਵਰਤੇ ਗਏ ਵਿਸ਼ੇਸ਼ ਕਾਵਿ ਰੂਪ ਖੁੱਲ੍ਹੀ ਕਵਿਤਾ ਬਾਰੇ ਵਿਸਤਰਤ ਅਧਿਐਨ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ। ਉਸ ਦੁਆਰਾ ਵਰਤੇ ਗਏ ਅਲੰਕਾਰ, ਰਸ, ਬਿੰਬ, ਭਾਸ਼ਾ ਅਤੇ ਸ਼ੈਲੀ ਨੂੰ ਵੀ ਇਸ ਅਧਿਆਇ ਵਿੱਚ ਕਾਵਿ ਸ਼ਾਸ਼ਤਰੀ ਪੱਧਰ ਤੋਂ ਵਿਚਾਰਿਆ ਗਿਆ ਹੈ।

ਚੌਥੇ ਅਧਿਆਇ ਵਿੱਚ **ਕੈਨੇਡਾ ਦੀ ਪੰਜਾਬੀ ਕਵਿਤਾ ਵਿੱਚ ਪਿਆਰਾ ਸਿੰਘ ਕੁੱਦੋਵਾਲ ਦਾ ਸਥਾਨ** ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ। ਪਿਆਰਾ ਸਿੰਘ ਕੁੱਦੋਵਾਲ ਦਾ ਕੈਨੇਡਾ ਦੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਸਥਾਨ ਨਿਸ਼ਚਿਤ ਕਰਨ ਲਈ ਉਸਦੇ ਸਮਾਨੰਤਰ ਕਵਿਤਾ ਰਚ ਰਹੇ ਪ੍ਰਮੁੱਖ ਕਵੀਆਂ ਦੀ ਕਵਿਤਾ ਨੂੰ ਵਾਚ ਕੇ ਉਨ੍ਹਾਂ ਨਾਲੋਂ ਪਿਆਰਾ ਸਿੰਘ ਕੁੱਦੋਵਾਲ ਦੀ ਵਿਲੱਖਣਤਾ ਨੂੰ ਉਭਾਰਨ ਦਾ ਉਪਰਾਲਾ ਕੀਤਾ ਗਿਆ ਹੈ। ਅਖ਼ੀਰ ਵਿੱਚ ਸਾਰ ਤੇ ਸਥਾਪਨਾਵਾਂ ਸਿਰਲੇਖ ਹੇਠ ਪਿਆਰਾ ਸਿੰਘ ਕੁੱਦੋਵਾਲ ਦੇ ਕਾਵਿ-ਸੰਸਾਰ ਵਿੱਚੋਂ ਉਭਰ ਕੇ ਆਈਆਂ ਧਾਰਨਾਵਾਂ ਨੂੰ ਸੰਖੇਪ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਮੁੱਚੇ ਖੋਜ ਕਾਰਜ ਦੌਰਾਨ ਪੜ੍ਹੀਆਂ ਗਈਆਂ ਉਸ ਦੀਆਂ ਮੌਲਿਕ ਪੁਸਤਕਾਂ ਅਤੇ ਹਵਾਲਾ ਪੁਸਤਕਾਂ ਦੀ ਕ੍ਰਮਵਾਰ ਸੂਚੀ ਦਿੱਤੀ ਗਈ ਹੈ।

ਹੱਥਲਾ ਖੋਜ-ਕਾਰਜ ਮੇਰੀ ਮੌਲਿਕ ਤੇ ਨਿਰੋਲ ਖੋਜ ਦਾ ਸਿੱਟਾ ਹੈ। ਇਸ ਖੋਜ ਨਿਬੰਧ ਵਿੱਚ ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ ਕਲਾ ਦਾ ਅਧਿਐਨ ਕਰਨ ਤੋਂ ਬਾਅਦ ਵਿਸ਼ੇਸ਼ ਰੂਪ ਵਿੱਚ ਉੱਭਰ ਕੇ ਸਾਹਮਣੇ ਆਏ ਸਿੱਟਿਆਂ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਹ ਮੌਲਿਕ ਖੋਜ ਕਾਰਜ ਕਰਦਿਆਂ ਇਸਨੂੰ ਵਿਧੀਬੱਧ ਢੰਗ ਨਾਲ ਨੇਪਰੇ ਚਾੜ੍ਹਨ ਹਿੱਤ ਪੜ੍ਹੀਆਂ ਗਈਆਂ ਪੁਸਤਕਾਂ ਦੀ ਕ੍ਰਮਵਾਰ ਸੂਚੀ ਦਿੱਤੀ ਗਈ ਹੈ। ਇਸ ਖੋਜ ਕਾਰਜ ਨੂੰ ਕਰਦਿਆਂ ਥੋੜ੍ਹੀਆਂ ਬਹੁਤ ਭੁੱਲਾਂ ਹੋ ਜਾਣਾ ਬੜੀ ਸੁਭਾਵਕ ਜਿਹੀ ਗੱਲ ਹੈ ਜਿਸ ਲਈ ਮੈਂ ਅਗਾਊਂ ਹੀ ਖਿਮਾ ਦਾ ਜਾਚਕ ਹਾਂ।

# ਅਧਿਆਇ : ਪਹਿਲਾ

# ਪਿਆਰਾ ਸਿੰਘ ਕੁੱਦੋਵਾਲ: ਜੀਵਨ ਤੇ ਰਚਨਾ ਦ੍ਰਿਸ਼ਟੀ

ਲੇਖਕ, ਸਾਹਿਤ ਅਤੇ ਸਮਾਜ ਦਾ ਸਬੰਧ ਬੜਾ ਗੂੜ੍ਹਾ ਹੈ। ਇਕ ਲੇਖਕ ਸਮਾਜ ਅੰਦਰ ਵਿਚਰਦਾ ਹੋਇਆ ਆਪਣੇ ਆਲੇ- ਦੁਆਲੇ ਵਾਪਰਣ ਵਾਲੀਆਂ ਚੰਗੀਆਂ ਤੇ ਮਾੜੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੁੰਦਾ ਹੈ । ਉਹ ਸਮਾਜ ਵਿੱਚੋਂ ਪ੍ਰਭਾਵ ਗ੍ਰਹਿਣ ਕਰਕੇ ਹੀ ਸਾਹਿਤ ਦੀ ਸਿਰਜਣਾ ਕਰਦਾ ਹੈ। ਇਕ ਲੇਖਕ ਦੀ ਰਚਨਾ ਦ੍ਰਿਸ਼ਟੀ ਦਾ ਅਧਿਐਨ ਕਰਨ ਲਈ ਉਸਦੀਆਂ ਸਮਕਾਲੀ ਪ੍ਰਸਥਿਤੀਆਂ ਬਾਰੇ ਜਾਣੂ ਹੋਣਾ ਬੜਾ ਜ਼ਰੂਰੀ ਹੈ। ਜੇਕਰ ਸਾਨੂੰ ਲੇਖਕ ਦੇ ਜੀਵਨ ਬਾਰੇ ਡੂੰਘੀ ਜਾਣਕਾਰੀ ਹੈ ਤਾਂ ਅਸੀ ਉਸਦੀ ਰਚਨਾ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ ਅਤੇ ਇਹ ਸ਼ੀਸ਼ਾ ਸਾਨੂੰ ਇਕ ਲੇਖਕ ਹੀ ਵਿਖਾਉਂਦਾ ਹੈ ਪਰ ਹਰ ਲੇਖਕ ਦਾ ਸਮਾਜ ਪ੍ਰਤੀ ਆਪਣਾ ਇਕ ਵੱਖਰਾ ਨਜ਼ਰੀਆ ਹੁੰਦਾ ਹੈ। ਇਸ ਨਜ਼ਰੀਏ ਦੀ ਬਦੌਲਤ ਉਹ ਲੇਖਕ ਆਪਣੀ ਸਾਹਿਤਕ ਰਚਨਾ ਰਾਹੀਂ ਸਾਡੇ ਨਾਲ ਆਪਣੇ ਵਿਚਾਰ ਸਾਂਝੇ ਕਰਦਾ ਹੈ। ਉਸਦੀਆਂ ਲਿਖਤਾਂ ਨੂੰ ਵਾਚਣ ਤੋਂ ਬਾਅਦ ਅਸੀਂ ਉਸ ਲੇਖਕ ਦੀ ਵਿਚਾਰਧਾਰਾ ਤੋਂ ਵਾਕਿਫ਼ ਹੁੰਦੇ ਹਾਂ। ਸਾਨੂੰ ਪਤਾ ਲੱਗਦਾ ਹੈ ਕਿ ਆਖਰਕਾਰ ਉਸਦੀ ਵਿਚਾਰਧਾਰਾ ਦਾ ਅਧਾਰ ਕੀ ਹੈ। ਉਸਦੀ ਲਿਖਤ ਸਮਾਜ ਨੂੰ ਕੀ ਸੰਦੇਸ਼ ਦੇ ਰਹੀ ਹੈ। ਸੋ ਕਹਿਣ ਤੋਂ ਭਾਵ ਹੈ ਕਿ ਸਾਡੀ ਜ਼ਿੰਦਗੀ ਵਿੱਚ ਇਕ ਲੇਖਕ ਬੜੀ ਵੱਡੀ ਤੇ ਅਹਿਮ ਭੂਮਿਕਾ ਨਿਭਾਉਂਦਾ ਹੈ। ਅਸੀਂ ਅਕਸਰ ਕਿਤਾਬਾਂ ਵਿੱਚ ਪੜ੍ਹਿਆ ਹੁੰਦਾ ਹੈ ਕਿ ਉਹ ਫਲਾਣਾ ਲੇਖਕ ਸੰਵੇਦਨਸ਼ੀਲ ਹੈ ਪਰ ਕੀ ਇਕ ਸੰਵੇਦਨਹੀਣ ਵਿਅਕਤੀ ਸਾਹਿਤ ਸਿਰਜ ਸਕਦਾ ਹੈ। ਬਿਲਕੁਲ ਨਹੀਂ। ਇਕ ਸੰਵੇਦਨਸ਼ੀਲ ਵਿਅਕਤੀ ਹੀ ਸਾਹਿਤ ਸਿਰਜਣ ਦੀ ਸਮਰੱਥਾ ਰੱਖਦਾ ਹੈ।

ਇਕ ਸਾਹਿਤਕਾਰ ਆਪਣੀ ਜ਼ਿੰਦਗੀ ਅਤੇ ਆਪਣੇ ਚੌਗਿਰਦੇ ਅੰਦਰ ਵਾਪਰਦੀਆਂ ਘਟਨਾਵਾਂ ਨੂੰ ਵੇਖਦਾ, ਮਹਿਸੂਸ ਕਰਦਾ ਹੋਇਆ ਉਨ੍ਹਾਂ ਨੂੰ ਆਪਣੇ ਅਨੁਭਵ ਦਾ ਹਿੱਸਾ ਬਣਾਉਂਦਾ ਹੈ। ਉਸਦਾ ਇਹੀ ਅਨੁਭਵ ਕਵਿਤਾ ਜਾਂ ਫਿਰ ਸਾਹਿਤ ਦੀਆਂ ਹੋਰ ਵਿਧਾਵਾਂ ਨੂੰ ਆਪਣੇ ਪ੍ਰਗਟਾਉ ਦਾ ਮਾਧਿਅਮ ਬਣਾਉਂਦਾ ਹੈ। ਪਿਆਰਾ ਸਿੰਘ ਕੁੱਦੋਵਾਲ ਵੀ ਇਕ ਅਜਿਹਾ ਹੀ ਸ਼ਾਇਰ ਹੈ ਜਿਸਨੇ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਲਈ ਕਵਿਤਾ ਨੂੰ ਮਾਧਿਅਮ ਬਣਾਇਆ ਹੈ।

ਪਿਆਰਾ ਸਿੰਘ ਕੁੱਦੋਵਾਲ ਪਰਵਾਸੀ ਪੰਜਾਬੀ ਕਵਿਤਾ ਦਾ ਇਕ ਸਮਰੱਥਾਵਾਨ ਸ਼ਾਇਰ ਹੈ। ਉਸਨੇ ਆਪਣੀਆਂ ਦੋ ਕਾਵਿ ਪੁਸਤਕਾਂ 'ਸਮਿਆਂ ਤੋਂ ਪਾਰ' ਅਤੇ 'ਸੂਰਜ ਨਹੀਂ ਮੋਇਆ' ਨਾਲ ਪੰਜਾਬੀ ਕਵਿਤਾ ਦੇ ਖੇਤਰ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਉਸਨੇ ਸਿੱਖ ਇਤਿਹਾਸ ਦੇ ਗੌਰਵਸ਼ਾਲੀ ਪਾਤਰ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਇਕ ਨਾਟਕ 'ਸਰਹੰਦ ਫ਼ਤਿਹ' ਦੀ ਵੀ ਸਿਰਜਣਾ ਕੀਤੀ ਹੈ।

ਪਿਆਰਾ ਸਿੰਘ ਕੁੱਦੋਵਾਲ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਪਿੰਡ ਕੁੱਦੋਵਾਲ ਵਿਖੇ 15 ਅਪ੍ਰੈਲ 1954 ਵਿਚ ਮਾਤਾ ਅਮਰ ਕੌਰ ਦੀ ਕੁੱਖੋਂ ਸਰਦਾਰ ਲੱਖਾ ਸਿੰਘ ਠੇਕੇਦਾਰ ਦੇ ਘਰ ਹੋਇਆ। ਉਸਦਾ ਪਾਲਣ ਪੋਸ਼ਣ ਇਕ ਸਧਾਰਨ ਕਿਸਾਨੀ ਪਰਿਵਾਰ ਵਿਚ ਹੋਇਆ। ਪਿਆਰਾ ਸਿੰਘ ਕੁੱਦੋਵਾਲ ਦਾ ਪਰਿਵਾਰ ਮਿਹਨਤੀ ਕਿਸਾਨੀ ਪਰਿਵਾਰ ਸੀ ਜੋ ਖੇਤੀਬਾੜੀ ਦੇ ਧੰਦੇ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਸੀ। ਕੁੱਦੋਵਾਲ ਨੇ ਆਪਣੇ ਬਚਪਨ ਦੇ ਮੁੱਢਲੇ ਦਿਨ ਪਿੰਡ ਦੀਆਂ ਗਲੀਆਂ ਵਿਚ ਆਪਣੇ ਸਾਥੀਆਂ ਨਾਲ ਖੇਡਦੇ ਹੋਏ ਬਿਤਾਏ। ਉਸਨੇ ਆਪਣੀ ਪੰਜਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ। ਫਿਰ ਉਸਨੇ ਦਸਵੀਂ ਦੀ ਪੜ੍ਹਾਈ ਲਈ ਗੌਰਮਿੰਟ ਹਾਈ ਸਕੂਲ ਦਿਆਲਪੁਰ ਵਿਖੇ ਦਾਖਲਾ ਲੈ ਲਿਆ। ਇਸ ਤੋਂ ਬਾਅਦ ਉਸਨੇ ਬੀ.ਏ. ਦੀ ਪੜ੍ਹਾਈ ਜਨਤਾ ਕਾਲਜ ਕਰਤਾਰਪੁਰ ਤੋਂ ਪ੍ਰਾਪਤ ਕੀਤੀ ਅਤੇ ਗਿਆਨੀ ਦੀ ਤਾਲੀਮ ਇਕ ਨਿੱਜੀ ਸੰਸਥਾ ਤੋਂ ਹਾਸਿਲ ਕੀਤੀ। ਉਸਨੇ ਐੱਮ.ਏ. ਦੀ ਪੜ੍ਹਾਈ ਡੀ.ਏ.ਵੀ. ਕਾਲਜ ਜਲੰਧਰ ਤੋਂ ਪੂਰੀ ਕੀਤੀ। ਇਸ ਤੋਂ ਇਲਾਵਾ ਉਸਨੇ ਸਾਹਿਤਯ ਰਤਨ ਦਾ ਦੋ ਸਾਲਾ ਕੋਰਸ 'ਹਿੰਦੀ ਵਿਸ਼ਵਵਿਦਿਆਲੇ ਪ੍ਰਯਾਗ (ਇਲਾਹਾਬਾਦ)' ਤੋਂ ਪੂਰਾ ਕੀਤਾ। ਸਕੂਲ ਤੇ ਕਾਲਜ ਦੇ ਦਿਨਾਂ ਵਿਚ ਖੇਡਾਂ ਵਿੱਚ ਭਾਗ ਲੈਣਾ, ਗਾਉਣਾ ਅਤੇ ਭੰਗੜਾ ਪਾਉਣਾ ਉਹਨਾਂ ਦੇ ਮੁੱਢਲੇ ਸ਼ੌਕ ਰਹੇ ਹਨ। ਉਸਨੇ ਭੰਗੜਾ ਅਤੇ ਗਰੁੱਪ ਗਾਇਨ ਵਿਚ ਕਾਲਜ ਕਲਰ ਪ੍ਰਾਪਤ ਕੀਤਾ। ਕਾਲਜ ਸਮੇਂ ਦੌਰਾਨ ਪਿਆਰਾ ਸਿੰਘ ਕੁੱਦੋਵਾਲ ਕਾਲਜ ਦਾ ਬੈਸਟ ਐਥਲੀਟ ਅਤੇ ਸੁਰੀਲਾ ਗਾਇਕ ਬਣਕੇ ਛਾਇਆ ਰਿਹਾ। ਉਸਨੇ ਕਾਲਜ ਦੇ ਦਿਨਾਂ ਵਿਚ ਇੰਟਰ ਕਾਲਜ ਕਵਿਤਾ ਉਚਾਰਨ ਮੁਕਾਬਲਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਉਹਨਾਂ ਨੇ ਐੱਮ.ਪੀ. ਕਾਲਜ ਕਰਤਾਰਪੁਰ ਵਿਚ ਡੇਢ ਸਾਲ 1977 ਤੋਂ 1979 ਤੱਕ ਅਧਿਆਪਨ ਦਾ ਕਾਰਜ ਬੜੀ ਤਨਦੇਹੀ ਅਤੇ ਸ਼ਿੱਦਤ ਨਾਲ ਕੀਤਾ। ਮਾਰਚ 1979 ਤੋਂ 1985 ਤੱਕ ਗੁਰੂ ਨਾਨਕ ਫਿਫਥ ਸੈਨੇਟਰੀ ਸਕੂਲ ਮਸੂਰੀ ਵਿਚ ਪੜ੍ਹਾਉਣ ਤੋਂ ਬਾਅਦ ਫਿਰ ਉਸਨੇ 1985 ਤੋਂ 1995 ਤੱਕ

ਥਾਈ ਸਿੱਖ ਇੰਟਰਨੈਸ਼ਨਲ ਸਕੂਲ ਬੈਂਕੌਕ ਥਾਈਲੈਂਡ ਵਿਚ ਪਹਿਲਾਂ ਅਧਿਆਪਕ ਅਤੇ ਫਿਰ ਪ੍ਰਿੰਸੀਪਲ ਦੇ ਅਹੁਦੇ ਤੇ ਰਹਿੰਦਿਆਂ ਜ਼ਿਕਰਯੋਗ ਸੇਵਾਵਾਂ ਨਿਭਾਈਆਂ। ~~2007~~ 1995 ਵਿੱਚ ਉਹ ਕੈਲੇਫ਼ੋਰਨੀਆਂ (ਅਮਰੀਕਾ) ਚਲੇ ਗਏ ਅਤੇ ਆਪਣੇ ਕਮਰਸ਼ੀਅਲ ਇੰਸ਼ੋਰੈਂਸ ਦੇ ਕਾਰੋਬਾਰ ਦੇ ਨਾਲ ਨਾਲ ਖਾਲਸਾ ਕਾਲਜ ਫਰੀਮੌਂਟ ਵਿਚ ਵਲੰਟੀਅਰ ਦੇ ਤੌਰ ਤੇ ਪੰਜਾਬੀ ਪੜ੍ਹਾਉਣ ਦਾ ਕਾਰਜ ਕੀਤਾ। ਉਸਨੇ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ ਦੀ ਕਈ ਸਾਲ ਮੈਂਬਰ ਅਤੇ ਪ੍ਰਧਾਨਗੀ ਦੇ ਤੌਰ ਤੇ ਸੇਵਾਵਾਂ ਵੀ ਨਿਭਾਈਆਂ। ਇੱਥੇ ਹੀ ਉਸਨੇ ਪੰਜਾਬੀ ਕਹਾਣੀ ਤੇ ਕਾਨਫ਼ਰੰਸ ਕਰਾਉਣ ਦਾ ਸਿਲਸਿਲਾ ਆਰੰਭ ਕੀਤਾ। 2007 ਦੌਰਾਨ ਉਹ ਆਪਣੇ ਪਰਿਵਾਰ ਸਮੇਤ ਟਰਾਂਟੋ ਕੈਨੇਡਾ ਆ ਕੇ ਵਸ ਗਏ। ਇੱਥੇ ਆ ਕੇ ਉਹ ਆਪਣੇ ਜਨਰਲ ਇੰਸ਼ੋਰੈਂਸ ਦੇ ਕਾਰੋਬਾਰ ਦੇ ਨਾਲ ਨਾਲ ਕਲਮ ਫਾਊਂਡੇਸ਼ਨ ਦੇ ਫਾਊਂਡਰ ਪ੍ਰੈਜ਼ੀਡੈਂਟ ਬਣੇ। ਇਸ ਕਲਮ ਫਾਊਂਡੇਸ਼ਨ ਨੇ 2009 ਵਿਚ ਇੰਟਰਨੈਸ਼ਨਲ ਪੰਜਾਬੀ ਕਾਨਫ਼ਰੰਸਾਂ ਕਰਵਾਉਣ ਦਾ ਸਿਲਸਿਲਾ ਅਰੰਭਿਆ। ਇਨ੍ਹਾਂ ਸਾਰੀਆ ਪ੍ਰਾਪਤੀਆਂ ਦੇ ਨਾਲ ਨਾਲ ਉਹ ਕੈਨੇਡਾ ਦੀਆਂ ਕਈ ਸਾਹਿਤ ਸਭਾਵਾਂ ਅਤੇ ਸੰਸਥਾਵਾਂ ਨਾਲ ਬੜੀ ਸਰਗਰਮੀ ਨਾਲ ਜੁੜਿਆ ਹੋਇਆ ਹੈ।

ਪਿਆਰਾ ਸਿੰਘ ਕੁੱਦੋਵਾਲ ਦਾ ਵਿਆਹ ਫਰਵਰੀ 1980 ਵਿਚ ਪਰਵਾਸੀ ਪੰਜਾਬੀ ਕਵਿਤਾ ਦੀ ਨਾਮਵਰ ਸ਼ਾਇਰਾ ਅਤੇ ਕਥਾਕਾਰਾ ਸੁਰਜੀਤ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਇਕ ਪੁੱਤਰ ਫ਼ਤਿਹਜੀਤ ਸਿੰਘ ਨੇ ਜਨਮ ਲਿਆ ਜੋ ਪੰਜਾਬੀ ਸੰਗੀਤ ਵਿਚ ਇੱਕ ਨਾਮਵਰ ਹਸਤੀ ਹੈ।

ਇਸ ਪ੍ਰਕਾਰ ਕੁੱਦੋਵਾਲ ਦਾ ਸਮੁੱਚਾ ਪਰਿਵਾਰ ਪੰਜਾਬੀ ਮਾਤ ਭਾਸ਼ਾ ਦੀ ਬੜੀ ਦ੍ਰਿੜਤਾ ਅਤੇ ਪ੍ਰਤੀਬੱਧਤਾ ਨਾਲ ਨਿਰੰਤਰ ਸੇਵਾ ਕਰ ਰਿਹਾ ਹੈ। ਸਮੇਂ ਸਮੇਂ ਤੇ ਉਹਨਾਂ ਨੂੰ ਪੰਜਾਬੀ ਸਾਹਿਤ ਸਭਾਵਾਂ ਅਤੇ ਸੰਸਥਾਵਾਂ ਦੁਆਰਾ ਕਈ ਮਾਨ ਸਨਮਾਨ ਵੀ ਪ੍ਰਾਪਤ ਹੋਏ ਹਨ।

**ਸਮਿਆਂ ਤੋਂ ਪਾਰ (2009)**

ਪਿਆਰਾ ਸਿੰਘ ਕੁੱਦੋਵਾਲ ਦੀ ਪਲੇਠੀ ਕਾਵਿ-ਪੁਸਤਕ 'ਸਮਿਆਂ ਤੋਂ ਪਾਰ' 2009 ਵਿਚ ਪ੍ਰਕਾਸ਼ਿਤ ਹੁੰਦੀ ਹੈ। ਇਸ ਕਾਵਿ-ਪੁਸਤਕ ਵਿਚਲੀ ਸ਼ਾਇਰੀ ਦਹਿਸ਼ਤਗਰਦੀ ਅਤੇ ਫ਼ਿਰਕਾਪ੍ਰਤੀ ਦੇ ਦਿਲਹਲੂਣਵੇ ਘਟਨਾਕ੍ਰਮ ਨਾਲ ਸਬੰਧਿਤ ਹੈ। ਕਵੀ ਆਪਣੀ ਹਰ ਨਜ਼ਮ ਵਿਚ ਮਨੁੱਖ ਅਤੇ ਉਸਦੀ ਹੋਂਦ ਨਾਲ ਜੁੜੇ ਮਸਲਿਆਂ ਨੂੰ ਅਗਰਭੂਮੀ ਵਿਚ ਲਿਆਉਣ ਦਾ ਯਤਨ ਕਰਦਾ ਹੈ। ਇਸ ਕਾਵਿ-ਪੁਸਤਕ ਦਾ ਪ੍ਰਮੁੱਖ ਹਾਸਿਲ

ਇਹ ਹੈ ਕਿ ਇਹ ਕਾਵਿ-ਪੁਸਤਕ ਮਹੱਤਵਪੂਰਨ ਸਮਾਜਿਕ ਸਰੋਕਾਰਾਂ ਦੀ ਗੱਲ ਕਰਦੀ ਹੈ। ਇਸ ਵਿਚਲੀ ਸ਼ਾਇਰੀ ਦੀ ਗੂੰਜ ਮਾਨਵੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੋਈ ਇਕ ਰੌਸ਼ਨ ਤੇ ਖੁਸ਼ਹਾਲ ਸਮਾਜ ਸਿਰਜਣ ਵੱਲ ਅਗਰਸਰ ਰਹਿੰਦੀ ਹੈ। ਪਿਆਰਾ ਸਿੰਘ ਕੁੱਦੋਵਾਲ ਵਿਦੇਸ਼ ਵਿਚ ਰਹਿੰਦਾ ਭਾਵੇਂ ਇਕ ਖੁਸ਼ਹਾਲ ਜੀਵਨ ਬਤੀਤ ਕਰ ਰਿਹਾ ਹੈ ਪਰ ਉਸਦੀ ਸਿਮਰਤੀਆਂ ਵਿਚ ਅੱਜ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਜਿਹੇ ਸੰਕਲਪ ਡੂੰਘੀ ਤਰ੍ਹਾਂ ਉੱਕਰੇ ਹੋਏ ਹਨ। ਇਹ ਪ੍ਰਭਾਵ ਉਸਦੇ ਅਵਚੇਤਨ ਵਿੱਚੋਂ ਬੋਲਦੇ ਹਨ। ਉਸਨੇ ਆਪਣੀਆਂ ਕਵਿਤਾਵਾਂ ਨੂੰ ਸਮੇਂ-ਸਮੇਂ ਉੱਤੇ ਵੱਖ-ਵੱਖ ਸਮਾਗਮਾਂ ਦੌਰਾਨ ਸਟੇਜਾਂ ਉੱਪਰ ਗਾ ਕੇ ਪੇਸ਼ ਕੀਤਾ ਹੈ ਜਿਸਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਮਨੁੱਖੀ ਸਮਾਜ ਵਿਚ ਵਾਪਰਿਆ ਹਰ ਅਮਾਨਵੀ ਵਰਤਾਰਾ ਉਸਨੂੰ ਧੁਰ ਅੰਦਰ ਤੱਕ ਝੰਜੋੜਦਾ ਹੈ। ਜਿਸ ਸਮੇਂ ਪੰਜਾਬ ਅੰਦਰ ਚੌਰਾਸੀ ਦੀ ਘਟਨਾ ਵਾਪਰੀ ਉਸ ਵੇਲੇ ਕਵੀ ਮਸੂਰੀ ਦੇ ਸਕੂਲ ਵਿੱਚ ਅਧਿਆਪਨ ਦਾ ਕਾਰਜ ਕਰ ਰਿਹਾ ਸੀ। ਭਾਵ ਕੇ ਕਵੀ ਨੇ ਉਸ ਘਟਨਾਕ੍ਰਮ  ਨੂੰ ਵੇਖਿਆ ਤੇ ਮਹਿਸੂਸ ਕੀਤਾ ਹੈ। ਕੈਨੇਡਾ ਜਾਣ ਤੋਂ ਬਾਅਦ ਵੀ ਪਿਆਰਾ ਸਿੰਘ ਕੁੱਦੋਵਾਲ ਦੀਆਂ ਸਮ੍ਰਿਤੀਆਂ ਵਿੱਚ ਸਿੱਖ ਨਸਲਕੁਸ਼ੀ ਦਾ ਦੁਖਾਂਤ ਗਹਿਰੀ ਤਰ੍ਹਾਂ ਪਿਆ ਹੋਇਆ ਸੀ । ਉਸਨੇ ਆਪਣੀਆਂ ਕਵਿਤਾਵਾਂ ਦੇ ਜ਼ਰੀਏ ਉਸ ਨਰਸੰਘਾਰ ਦੀ ਭੇਂਟ ਚੜੇ ਮਾਸੂਮ ਲੋਕਾਂ ਦੇ ਦਰਦ ਨੂੰ ਡੂੰਘੀ ਸ਼ਿੱਦਤ ਨਾਲ ਬਿਆਨ ਕਰਨ ਦਾ ਯਤਨ ਕੀਤਾ ਹੈ:

ਇਕ ਢਾਣੀ ਆਪਣੇ ਹੀ ਸ਼ਹਿਰ ਚਲੀ ਦੋਸਤੋ
ਅੱਗ ਅੱਗ ਖੇਡਦੀ, ਗਲੀ ਗਲੀ ਦੋਸਤੋ।
ਖਿੜ ਰਹੀ, ਰਾਤ ਦੀ ਰਾਣੀ ਸੀ ਬੇਖ਼ਬਰ
ਰੁੱਤ ਐਸੀ ਮਸਲ ਦਿੱਤੀ, ਹਰ ਕਲੀ ਦੋਸਤੋ।'

ਪਿਆਰਾ ਸਿੰਘ ਕੁੱਦੋਵਾਲ ਦੀਆਂ ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਮਨੁੱਖੀ ਅਸਤਿਤਵ ਨੂੰ ਢਾਅ ਲਾਉਣ ਵਾਲੀਆਂ ਤਾਕਤਾਂ ਨਾਲ ਦਸਤਪੰਜਾ ਲੈਂਦੀਆਂ ਹਨ। ਉਸਦੀ ਕਾਵਿ-ਦ੍ਰਿਸ਼ਟੀ ਇੰਨੀ ਸੂਖ਼ਮ ਅਤੇ ਵਿਸ਼ਾਲ ਹੈ ਕਿ ਉਹ ਹਰ ਉਸ ਘਟਨਾ ਉੱਪਰ ਆਪਣਾ ਪ੍ਰਤੀਕਰਮ ਜ਼ਾਹਰ ਕਰਦਾ ਹੈ ਜੋ ਮਨੁੱਖੀ ਚੇਤਨਾ ਤੇ ਸਮਾਜ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ।ਪਰਵਾਸੀ ਜੀਵਨ ਹੰਢਾਉਂਦਿਆ ਹੋਇਆਂ ਵੀ ਉਸਦੀਆਂ ਸਮ੍ਰਿਤੀਆਂ ਵਿੱਚੋਂ ਪੰਜਾਬ ਗੈਰਹਾਜ਼ਰ ਨਹੀਂ ਹੁੰਦਾ। ਇੱਥੇ ਰਹਿ ਕੇ ਵੀ ਉਹ ਹਰ ਸਮੇਂ ਪੰਜਾਬ ਨੂੰ ਹੀ ਯਾਦ

ਕਰਦਾ ਹੈ। ਉਸਦੀ ਕਲਮ ਪੰਜਾਬ ਦੇ ਹਾਲਾਤਾਂ ਉਪਰ ਬੜੀ ਬੇਬਾਕੀ ਨਾਲ ਲਿਖਦੀ ਹੈ। ਉਸਨੂੰ ਪੰਜਾਬ ਦੇ ਰਾਜਨੀਤਿਕ ਸਿਸਟਮ ਦੀ ਡੂੰਘੀ ਸਮਝ ਹੈ। ਉਹ ਜਾਣਦਾ ਹੈ ਕਿ ਰਾਜਨੇਤਾ ਕਿਸ ਤਰੀਕੇ ਨਾਲ ਆਪਣਾ ਵੋਟ ਬੈਂਕ ਭਰਣ ਲਈ ਲੋਕਾਂ ਨੂੰ ਗੁਮਰਾਹ ਕਰਦੇ ਹਨ। ਉਹ ਸੱਤਾ ਹਾਸਲ ਕਰਨ ਲਈ ਜਾਂ ਫ਼ਿਰ ਸੱਤਾ ਉਪਰ ਬਣੇ ਰਹਿਣ ਲਈ ਕਈ ਪ੍ਰਕਾਰ ਦੇ ਹੱਥਕੰਡੇ ਅਪਣਾਉਂਦੇ ਹਨ। ਰਾਜਨੇਤਾ ਕਾਨੂੰਨੀ ਨਿਆਂ ਪ੍ਰਬੰਧ ਨੂੰ ਇਸ ਕਦਰ ਬੇਹਾਲ ਕਰ ਦਿੰਦੇ ਹਨ ਕਿ ਉਹ ਆਮ ਲੋਕਾਂ ਦੀ ਮਦਦ ਕਰਨ ਤੋਂ ਕਤਰਾਉਂਣ ਲੱਗਦਾ ਹੈ। ਭ੍ਰਿਸ਼ਟ ਰਾਜਤੰਤਰ, ਕਾਨੂੰਨੀ ਪ੍ਰਬੰਧ ਨੂੰ ਵੀ ਭ੍ਰਿਸ਼ਟਾਚਾਰ ਦੀ ਗਹਿਰੀ ਦਲਦਲ ਵਿੱਚ ਧਕੇਲ ਦਿੰਦਾ ਹੈ। ਸਿੱਟੇ ਵਜੋਂ ਨਿਆਂ ਪ੍ਰਬੰਧ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਂਦਾ ਹੈ। ਕਵੀ ਦੀ ਰਚਨਾ ਦ੍ਰਿਸ਼ਟੀ ਦਾ ਕੇਂਦਰ ਬਿੰਦੂ ਆਮ ਤੇ ਸ਼ੋਸ਼ਤ ਮਨੁੱਖ ਹੈ ਜਿਹੜਾ ਕਿ ਆਪਣੇ ਪਰਿਵਾਰ ਨੂੰ ਦੋ ਵਕਤ ਦੀ ਰੋਟੀ ਦੇਣ ਲਈ ਸਾਰਾ ਦਿਨ ਮਿਹਨਤ ਤੇ ਮੁਸ਼ੱਕਤ ਕਰਦਾ ਹੈ। ਸਾਡੀਆਂ ਅਜੋਕੀਆਂ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਉਸਦਾ ਲੱਕ ਤੋੜ ਕੇ ਰੱਖ ਦਿੰਦੀਆਂ ਹਨ। ਉਹ ਸਾਰੀ ਜ਼ਿੰਦਗੀ ਇਸੇ ਖਿੱਚੋਤਾਣ ਵਿੱਚ ਫ਼ਸਿਆ ਆਪਣੀ ਜਾਣ ਤੱਕ ਗਵਾਉਣ ਲਈ ਮਜਬੂਰ ਹੋ ਜਾਂਦਾ ਹੈ। ਇਨ੍ਹਾਂ ਭ੍ਰਿਸ਼ਟ ਰਾਜਸ਼ੀ ਨੇਤਾਵਾਂ ਦੀਆਂ ਕੋਝੀਆਂ ਚਾਲਾਂ ਨੂੰ ਬੇਪਰਦ ਕਰਦੀ ਹੋਈ ਉਸਦੀ ਕਲਮ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦੀ ਹੈ। ਉਹ ਆਪਣੀ ਰਚਨਾ ਦੇ ਮਾਧਿਅਮ ਨਾਲ ਪੂਰੀ ਆਵਾਮ ਨੂੰ ਸਕਾਰਾਤਮਕ ਊਰਜਾ ਪ੍ਰਦਾਨ ਕਰਦਾ ਹੈ ਤੇ ਉਨ੍ਹਾਂ ਨੂੰ ਮਾੜੇ ਹਲਾਤਾ ਨਾਲ ਲੜਨ ਲਈ ਪ੍ਰੇਰਿਤ ਕਰਦਾ ਹੈ :

ਜਿਨ੍ਹਾਂ ਦੇ ਚੁੱਲਿਆਂ ਚ ਕਦੇ ਕਦੇ ਬਲਦੀ ਸੀ ਅੱਗ
ਕੱਲ੍ਹ ਰਾਤ ਤੋਂ ਉਹ ਬਸਤੀ, ਸਾਰੀ ਹੀ ਜਲ ਰਹੀ ਹੈ।
ਬੰਨ੍ਹ ਕੱਫਨ ਸਿਰ ਆਪਣੇ, ਟਿਕਾ ਸਿਰ ਤਲੀ ਆਪਣੀ
ਜਿੱਤ ਜਾਣਾ ਜਾਂ ਮਰ ਜਾਣਾ, ਸੂਰਮਿਆਂ ਦੀ ਗੱਲ ਰਹੀ ਹੈ।[2]

ਪਿਆਰਾ ਸਿੰਘ ਕੁੱਦੋਵਾਲ ਦੀ ਰਚਨਾਕਾਰੀ ਦਾ ਦਾਇਰਾ ਬਹੁਤ ਵਸੀਹ ਹੈ। ਉਹ ਮਨੁੱਖ ਅੰਦਰ ਨਵੀਂ ਊਰਜਾ ਪ੍ਰਵਾਹਿਤ ਕਰਦਾ ਹੈ। ਸਥਿਤੀਆਂ ਕਿਸੇ ਵੀ ਪ੍ਰਕਾਰ ਦੀਆਂ ਕਿਉਂ ਨਾ ਹੋਣ, ਉਹ ਮਨੁੱਖ ਨੂੰ ਮਾੜੇ ਹਲਾਤਾਂ ਅੱਗੇ ਵੀ ਗੋਡੇ ਨਹੀਂ ਟੇਕਣ ਦਿੰਦਾ। ਜ਼ਿੰਦਗੀ ਦਾ ਹਾਰ ਜਾਣਾ ਉਸਦੀ ਫ਼ਿਤਰਤ ਨਹੀਂ ਹੈ, ਉਹ ਹਾਰਾਂ ਨੂੰ ਵੀ ਜਿੱਤਾਂ ਵਿਚ ਬਦਲਣ ਦਾ ਢੰਗ ਜਾਣਦਾ ਹੈ । ਫ਼ਿਰਕਾਪ੍ਰਸਤੀ ਵਰਗੀਆਂ ਨਕਾਰਾਤਮਕ

ਅਲਾਮਤਾਂ ਮਨੁੱਖੀ ਸਮਾਜ ਲਈ ਖ਼ਤਰਾ ਪੈਦਾ ਕਰਦੀਆਂ ਹਨ ਜੋ ਸਮਾਜ ਵਿਚ ਅਰਾਜਕਤਾ ਦਾ ਮਾਹੌਲ ਸਿਰਜਦੀਆਂ ਹਨ। ਇਹ ਫ਼ਿਰਕਾਪ੍ਰਸਤੀ ਚਾਹੇ ਧਰਮ ਦੇ ਨਾਂ ਤੇ ਹੋਵੇ ਭਾਵੇਂ ਨਸਲ ਅਧਾਰਿਤ ਹੋਵੇ ਇਸ ਦੀ ਭੇਂਟ ਆਮ ਮਨੁੱਖ ਹੀ ਚੜ੍ਹਦਾ ਹੈ। ਪਿਆਰਾ ਸਿੰਘ ਕੁੱਦੋਵਾਲ ਭਾਵੇਂ ਕੈਨੇਡਾ ਵਰਗੇ ਵਿਕਸਿਤ ਮੁਲਕ ਅੰਦਰ ਰਹਿ ਰਿਹਾ ਹੈ ਪਰੰਤੂ ਉਹ ਪੰਜਾਬ ਸੰਕਟ ਦੇ ਉਸ ਕਾਲ਼ੇ ਦੌਰ ਨੂੰ ਵੀ ਆਪਣੀ ਕਲਮ ਨਾਲ ਉਲੀਕਦਾ ਹੈ ਜਿਸ ਵਿੱਚ ਲੱਖਾਂ ਹੀ ਮਜ਼ਲੂਮ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਹਨ। ਫਿਰ ਭਾਵੇਂ ਉਹ ਚੌਰਾਸੀ ਦਾ ਦੌਰ ਹੋਵੇ ਜਾਂ ਫਿਰ ਸੰਤਾਲੀ ਦਾ, ਭਾਵ ਕਿ ਲੇਖਕ ਉਸ ਸਮੇਂ ਤੋਂ ਪੂਰੀ ਤਰ੍ਹਾਂ ਚੇਤੰਨ ਹੈ। ਉਸਨੇ ਮਨੁੱਖਤਾ ਦੇ ਖਾਤਮੇ ਲਈ ਜ਼ਿੰਮੇਵਾਰ ਧਿਰਾਂ ਦੇ ਇਰਾਦਿਆਂ ਅਤੇ ਪ੍ਰਪੰਚਾਂ ਨੂੰ ਬੜੀ ਬੇਬਾਕੀ ਨਾਲ ਚਿਤਰਿਆ ਹੈ

ਪਿਆਰਾ ਸਿੰਘ ਕੁੱਦੋਵਾਲ ਦੇਸ਼ ਦੇ ਰਾਜਨੀਤਿਕ ਮਾਹੌਲ ਅਤੇ ਨਿਆਂ ਪ੍ਰਬੰਧ ਉੱਪਰ ਵੀ ਕਰੜਾ ਵਿਅੰਗ ਕਰਦਾ ਹੈ। ਜਦੋਂ ਸੱਤਾ ਆਪਣੇ ਗਲਿਆਰਿਆਂ ਨੂੰ ਵੱਡਾ ਕਰਦੀ ਹੈ ਤਾਂ ਉਹ ਆਪਣੇ ਰਾਹ ਵਿਚ ਆਉਣ ਵਾਲੀ ਹਰ ਚੀਜ਼ ਨੂੰ ਤਬਾਹ ਕਰ ਦਿੰਦੀ ਹੈ। ਅਨੈਤਿਕ ਅਤੇ ਭ੍ਰਿਸ਼ਟ ਰਾਜਨੀਤਿਕ ਸਿਸਟਮ ਨੂੰ ਬਚਾਉਣ ਲਈ ਦਹਿਸ਼ਤ ਦਾ ਆਲਮ ਸਿਰਜਿਆ ਜਾਂਦਾ ਹੈ, ਰਾਜਨੇਤਾਵਾਂ ਦੇ ਦੋਗਲੇ ਕਿਰਦਾਰਾਂ ਅਤੇ ਉਨ੍ਹਾਂ ਦੀਆਂ ਦੋਗਲੀਆਂ ਨੀਤੀਆਂ ਨੂੰ ਭੰਡਦਾ ਹੋਇਆ ਕਵੀ ਉਹਨਾਂ ਨੂੰ ਕਰੜੇ ਹੱਥੀ ਲੈਂਦਾ ਹੈ:

ਅਫ਼ਸਰ ਨੇਤਾ ਗੁੰਡੇ, ਲੁੱਟਦੇ ਜਨਤਾਂ ਨੂੰ
ਧੱਕੇਸ਼ਾਹੀ ਕਰਕੇ, ਬੇਪਰਵਾਹ ਗਈ ਦਹਿਸ਼ਤ।
ਪੁਲਿਸ, ਵਕੀਲ, ਦਲੀਲ, ਨਿਆਂ ਦਾ ਬੌਣਾ ਕੱਦ
ਬੱਸਾਂ ਗੱਡੀਆਂ ਹੋਟਲਾਂ ਵਿਚ ਵੀ ਛਾ ਗਈ ਦਹਿਸ਼ਤ।[3]

ਪਿਆਰਾ ਸਿੰਘ ਕੁੱਦੋਵਾਲ ਲੰਮੇ ਸਮੇਂ ਤੋਂ ਪਰਵਾਸੀ ਜੀਵਨ ਹੰਢਾ ਰਿਹਾ ਹੈ। ਪਰ ਉਹ ਆਪਣੀ ਭਾਸ਼ਾ, ਆਪਣਾ ਸੱਭਿਆਚਾਰ ਤੇ ਆਪਣੀ ਪੰਜਾਬੀਅਤ ਨੂੰ ਖੋਰਾ ਨਹੀਂ ਲੱਗਣ ਦਿੰਦਾ। ਉਸਦਾ ਪੂਰਾ ਪਰਿਵਾਰ ਹੀ ਪੰਜਾਬੀ ਸੱਭਿਆਚਾਰ ਨੂੰ ਪ੍ਰਣਾਇਆ ਹੋਇਆ ਹੈ। ਅਜੋਕਾ ਦੌਰ ਪੂੰਜੀਵਾਦੀ ਸਿਸਟਮ ਨਾਲ ਘਿਰਿਆ ਹੋਇਆ ਹੈ। ਇਸ ਪੂੰਜੀਵਾਦੀ ਦੌਰ ਵਿੱਚ ਹਰ ਚੀਜ਼ ਦੀ ਇਕ ਕੀਮਤ ਹੈ ਜਿਹੜੀ ਕਿ ਕਾਰਪੋਰੇਟ ਸੈਕਟਰ ਦੁਆਰਾ ਤੈਅ ਕੀਤੀ ਜਾਂਦੀ ਹੈ। ਸਾਡਾ ਪੰਜਾਬੀ ਸੱਭਿਆਚਾਰ ਵੀ ਇਸ ਦੌਰ ਵਿਚ ਦਿਨੋਂ ਦਿਨ ਆਪਣੀ ਸਾਦਗੀ ਖੋਹੰਦਾ ਜਾ ਰਿਹਾ ਹੈ। ਪੂੰਜੀ ਨੇ ਮਨੁੱਖ ਨੂੰ ਆਪਣੇ ਆਪ ਤੱਕ ਹੀ ਸੀਮਿਤ ਕਰ ਦਿੱਤਾ ਹੈ ਜਿਸਦੇ

ਸਿੱਟੇ ਵਜੋਂ ਸਾਡੇ ਰਿਸ਼ਤਿਆਂ ਵਿੱਚੋਂ ਪਿਆਰ ਅਤੇ ਸਾਦਗੀ ਦੇ ਅਹਿਸਾਸ ਨੇ ਦਮ ਤੋੜ ਦਿੱਤਾ ਹੈ। ਇਸ ਦੌਰ ਵਿੱਚ ਸਾਡੇ ਪੰਜਾਬੀ ਸੱਭਿਆਚਾਰ ਦੇ ਨਕਸ਼ ਧੁੰਦਲੇ ਪੈਂਦੇ ਨਜ਼ਰ ਆ ਰਹੇ ਹਨ। ਸਾਡੀ ਭਾਸ਼ਾ. ਸਾਡਾ ਪਹਿਰਾਵਾ, ਸਾਡਾ ਰਿਸ਼ਤਾ ਨਾਤਾ ਪ੍ਰਬੰਧ, ਸਾਡਾ ਖਾਣ –ਪੀਣ ਆਦਿ ਸੱਭ ਕੁਝ ਬਦਲਦਾ ਜਾ ਰਿਹਾ ਹੈ। ਪੂੰਜੀਵਾਦੀ ਦੌਰ ਵਿੱਚ ਸ਼ੋਸ਼ਲ ਮੀਡੀਆ ਨੇ ਆਪਣੀ ਪ੍ਰਭੁਸੱਤਾ ਨੂੰ ਕਾਇਮ ਕਰ ਲਿਆ ਹੈ। ਉਸਦਾ ਮਕਸਦ ਵਾਧੂ ਪੂੰਜੀ ਇਕੱਤਰ ਕਰਨ ਵੱਲ ਹੈ। ਫ਼ਿਲਮੀ ਦੁਨੀਆਂ ਦੀ ਡਿਮਾਂਡ ਹੈ ਕਿ ਪੰਜਾਬੀ ਸੱਭਿਆਚਾਰ ਦੀ ਸਾਦਗੀ ਨੂੰ ਖ਼ਤਮ ਕਰਕੇ ਇਸਦਾ ਇਕ ਬਿਲਕੁਲ ਨਵਾਂ ਮੁਹਾਂਦਰਾ ਘੜਿਆ ਜਾਵੇ ਤਾਂ ਜੋ ਇਸਦੀ ਨੁਮਾਇਸ਼ ਕਰਕੇ ਪੈਸਾ ਕਮਾਇਆ ਜਾ ਸਕੇ। :

ਮਾਂ ਬੋਲੀ ਪਿੱਛੇ ਛੱਡੀ

ਪੱਲੇ ਪਿਆ ਕੰਮਪਿਊਟਰ

ਅੰਗਰੇਜ਼ੀ ਬੋਲੋ ਅੰਗਰੇਜ਼ੀ ਸਿੱਖੋ

ਆਖਣ ਸਿਆਣੇ ਟਿਊਟਰ

ਵਸਤਰ ਉਤਾਰੋ ਮੰਚ ਸ਼ਿੰਗਾਰੋ

ਸ਼ਰਤ ਰੱਖੇ ਵੀਡੀਓ ਪ੍ਰਡਿਊਸਰ

ਪੰਜਾਬੀ ਵਿਰਸਾ ਨੰਗਾ ਕਰਨਾ

ਮਿੱਥ ਬੈਠੇ ਕਈ ਫਿਲਮ ਪ੍ਰਡਿਊਸਰ।"

ਪਿਆਰਾ ਸਿੰਘ ਕੁੱਦੋਵਾਲ ਦੀ ਰਚਨਾ ਦ੍ਰਿਸ਼ਟੀ ਬੜੀ ਵਿਸ਼ਾਲ ਹੈ। ਇਸ ਕਾਵਿ ਸੰਗ੍ਰਹਿ ਵਿਚਲੀਆਂ ਬਹੁਤੀਆਂ ਕਵਿਤਾਵਾਂ ਕਵੀ ਨੇ ਸੈਨਫਰਾਂਸਿਸਕੋ ਸ਼ਹਿਰ ਵਿੱਚ ਰਹਿੰਦਿਆਂ ਹੋਇਆਂ ਲਿਖੀਆਂ ਹਨ ਪਰ ਉਸਦੀਆਂ ਰਚਨਾਵਾਂ ਦੇ ਕੇਂਦਰ ਵਿੱਚ ਭਾਰਤ/ਪੰਜਾਬ ਦੇ ਹਾਲਾਤ ਵਿਦਮਾਨ ਰਹਿੰਦੇ ਹਨ। ਅਜ਼ਾਦੀ ਤੋਂ ਬਾਅਦ ਪੰਜਾਬ ਅੰਦਰ ਚੱਲੀ ਹਰੀ ਕ੍ਰਾਂਤੀ ਦੀ ਲਹਿਰ ਨੇ ਪੰਜਾਬ ਵਿੱਚ ਅਨਾਜ ਦੀ ਪੈਦਾਵਾਰ ਵਿੱਚ ਤਾਂ ਬੇਤਹਾਸ਼ਾ ਵਾਧਾ ਕੀਤਾ ਪਰ ਜ਼ਮੀਨ ਦੀ ਉਪਜਾਊ ਸ਼ਕਤੀ ਲਗਾਤਾਰ ਘਟਦੀ ਗਈ ਜਿਸਦੇ ਸਿੱਟੇ ਵਜੋਂ ਇਸ ਨਾਲ ਪੰਜਾਬ ਦੀ ਛੋਟੀ ਕਿਰਸਾਨੀ ਆਰਥਿਕ ਤੌਰ ਤੇ ਪੱਛੜਦੀ ਗਈ। ਸਮਾਂ ਪਾ ਕੇ ਪੰਜਾਬ ਦੀ ਛੋਟੀ ਕਿਰਸਾਨੀ ਨੇ ਰੋਜ਼ ਰੋਟੀ ਦੀ ਭਾਲ ਵਿੱਚ ਪਰਵਾਸ ਵੱਲ ਰੁੱਖ ਅਖਤਿਆਰ ਕਰ ਲਿਆ। ਪਿਆਰਾ ਸਿੰਘ

ਕੁੱਦੋਵਾਲ ਦਾ ਪਰਿਵਾਰ ਵੀ ਕਿਰਸਾਨੀ ਨਾਲ ਜੁੜਿਆ ਹੋਇਆ ਹੈ। ਉਸਨੇ ਇਕ ਬੇਹਤਰ ਭਵਿੱਖ ਦੀ ਭਾਲ ਵਿੱਚ ਅਮਰੀਕਾ ਅਤੇ ਕੈਨੇਡਾ ਵੱਲ ਪਰਵਾਸ ਕੀਤਾ ਤੇ ਅੱਜ ਉਹ ਕੈਨੇਡਾ ਅੰਦਰ ਇਕ ਖੁਸ਼ਹਾਲ ਅਤੇ ਆਰਥਿਕਤਾ ਪੱਖੋਂ ਸੰਪੰਨ ਜੀਵਨ ਬਤੀਤ ਕਰ ਰਿਹਾ ਹੈ।

ਕਵੀ ਪਿਆਰਾ ਸਿੰਘ ਕੁੱਦੋਵਾਲ ਦੀ ਸਾਹਿਤਕ ਪ੍ਰਤਿਬੱਧਤਾ ਹਰ ਉਸ ਪ੍ਰਾਣੀ ਨਾਲ ਹੈ ਜਿਹੜਾ ਇਸ ਧਰਤੀ ਉਪਰ ਵਿਚਰ ਰਿਹਾ ਹੈ। ਉਸਦਾ ਸੰਵੇਦਣਸ਼ੀਲ ਕਵੀ ਮਨ ਸਾਰਿਆਂ ਲਈ ਮਾਨਵਤਾ ਦਾ ਰਾਗ ਅਲਾਪਦਾ ਹੈ। ਕਵੀ ਸਿੱਖੀ ਅਸੂਲਾਂ ਨੂੰ ਪ੍ਰਣਾਇਆ ਹੋਇਆ ਹੈ। ਉਹ ਗੁਰੂ ਅਤੇ ਗੁਰਬਾਣੀ ਵਿੱਚ ਯਕੀਨ ਰੱਖਦਾ ਹੈ। ਕਵੀ ਸਾਰੇ ਸਮਾਜ ਲਈ ਸ਼ਾਤੀ ਤੇ ਸਰਵ ਸਾਂਝੀਵਾਲਤਾ ਦੀ ਕਾਮਨਾ ਕਰਦਾ ਹੈ। ਜਦੋਂ ਵੀ ਮਨੁੱਖ ਦੇ ਅਸਤਿਤਵ ਨੂੰ ਸਮਾਜ ਦੀਆਂ ਨਕਾਰਾਤਮਕ ਸ਼ਕਤੀਆਂ ਵੱਲੋਂ ਠੇਸ ਪਹੁੰਚਾਈ ਜਾਂਦੀ ਹੈ ਤਾਂ ਉਸਦੀ ਕਲਮ ਚੁੱਪ ਨਹੀਂ ਰਹਿੰਦੀ ਅਤੇ ਉਹ ਬੜੇ ਬੇਬਾਕ ਅੰਦਾਜ਼ ਵਿੱਚ ਆਪਣੀ ਮਾਨਵਾਦੀ ਵਿਚਾਰਧਾਰਾ ਦਾ ਸਬੂਤ ਦੇ ਜਾਂਦਾ ਹੈ। ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਉਸਦੇ ਮਾਨਵੀ ਸੰਕਲਪ ਦੀ ਹਾਮੀ ਭਰਦੀਆਂ ਹਨ। ਉਹ ਆਪਣੀਆਂ ਨਜ਼ਮਾਂ ਅੰਦਰ ਜਿੰਨੇ ਵੀ ਵਿਸ਼ਿਆਂ ਦੀ ਗੱਲ ਕਰਦਾ ਹੈ ਫਿਰ ਚਾਹੇ ਉਹ ਰਾਸ਼ਟਰੀ ਹੋਣ ਜਾਂ ਫਿਰ ਅੰਤਰਰਾਸ਼ਟਰੀ ਭਾਵ ਕਿ ਉਹ ਆਪਣੀ ਹਰ ਨਜ਼ਮ ਵਿੱਚ ਮਨੁੱਖੀ ਕਲਿਆਣ ਦੀ ਹੀ ਗੱਲ ਕਰਦਾ ਹੈ। ਉਹ ਮਾਨਵਤਾ ਦੀ ਗੱਲ ਕਰਦਾ ਹੋਇਆ ਹਰ ਪ੍ਰਾਣੀ ਅੰਦਰ ਇਸ ਸੰਵੇਨਸ਼ੀਲ ਬਿਰਤੀ ਨੂੰ ਭਰ ਦੇਣਾ ਚਾਹੁੰਦਾ ਹੈ

ਯਾਰੋ ਮੇਰੇ ਦਿਲ ਵਿੱਚ ਹੋਇਆ, ਰੌਸ਼ਨ ਇੱਕ ਚਿਰਾਗ।
ਪਿਆਰ ਬਰਾਬਰ ਹਰ ਮਾਨਵ ਨੂੰ, ਕਰਨਾ ਹੋ ਬੇਲਾਗ।

ਸਾਂਝਾਂ ਦਿਲ ਦੀਆਂ ਪਾ ਕੇ ਆਪਾਂ, ਰੌਸ਼ਨ ਕਰਨੀ ਦੁਨੀਆਂ
ਮਿਲਕੇ ਗਾਣ ਗੀਤ ਪਿਆਰ ਦੇ, ਭੈਰਵ ਸਾਰੰਗ ਤੇ ਬਿਹਾਗ।

------------------------------------------

ਕੁੱਦੋਵਾਲ ਵੀ ਨਾਲ ਹੈ ਤੇਰੇ, ਇੱਕ ਤੋਂ ਹੋਏ ਗਿਆਰਾਂ
ਮਾਨਵਤਾ ਹੈ ਸੱਭ ਤੋਂ ਉਪਰ, ਛੇੜ ਨਵਾਂ ਇਹ ਰਾਗ।[5]

ਸੋ, ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਪਿਆਰਾ ਸਿੰਘ ਕੁੱਦੋਵਾਲ ਦੇ ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਦੇ ਮੂਲ ਸਰੋਕਾਰ ਫਿਰਕਾਪ੍ਰਸਤੀ, ਦਹਿਸ਼ਤਗਰਦੀ, ਭ੍ਰਿਸ਼ਟ ਰਾਜਨੀਤਿਕ ਸਿਸਟਮ, ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ ਦੇ ਦਿਨੋ ਦਿਨ ਨਿਘਾਰ ਵੱਲ ਜਾਣ ਵਰਗੇ ਹਲਾਤਾ ਨਾਲ ਸਬੰਧਿਤ ਹਨ।

**ਸੂਰਜ ਨਹੀਂ ਮੋਇਆ (2015)**

'ਸੂਰਜ ਨਹੀਂ ਮੋਇਆ' (2015) ਪਿਆਰਾ ਸਿੰਘ ਕੁੱਦੋਵਾਲ ਦਾ ਦੂਜਾ ਅਹਿਮ ਤੇ ਜ਼ਿਕਰਯੋਗ ਕਾਵਿ-ਸੰਗ੍ਰਹਿ ਹੈ। ਇਸ ਕਾਵਿ-ਪੁਸਤਕ ਦੀ ਸ਼ਇਰੀ ਅਵਾਸ ਪਰਵਾਸ ਦੇ ਮਸਲਿਆਂ ਤੋਂ ਅੱਗੇ ਜਾਂਦੀ ਹੋਈ ਵਿਸ਼ਵ ਸੰਕਟਾਂ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਯਤਨ ਕਰਦੀ ਹੈ। ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਪਰਵਾਸ, ਪਰਵਾਸੀ ਜੀਵਨ ਅਤੇ ਆਤੰਕਵਾਦ ਵਰਗੀਆਂ ਘਟਨਾਵਾਂ ਦੀ ਪੇਸ਼ਕਾਰੀ ਕਰਦੀਆਂ ਹਨ। ਪਿਆਰਾ ਸਿੰਘ ਕੁੱਦੋਵਾਲ 1995 ਤੋਂ 2007 ਤੱਕ ਕੈਲੇਫੋਰਨੀਆਂ , ਅਮਰੀਕਾ ਵਿੱਚ ਰਿਹਾ। ਉਸਨੇ ਇੱਥੇ ਲਗਭੱਗ ੧੨ ਸਾਲ ਦਾ ਸਮਾਂ ਬਿਤਾਇਆ। ਕਵੀ ਨੇ ਇੱਥੋਂ ਦੇ ਪੌਣ ਪਾਣੀ ਨੂੰ ਮਾਣਿਆ ਤੇ ਮਹਿਸੂਸ ਕੀਤਾ। 2001 ਵਿੱਚ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਉਪਰ ਹੋਏ ਆਤੰਕੀ ਹਮਲੇ ਨੇ ਕਵੀ ਦੇ ਮਨ ਨੂੰ ਡੂੰਘੀ ਤਰ੍ਹਾਂ ਨਾਲ ਝੰਜੋੜ ਦਿੱਤਾ। ਉਸਨੇ ਆਪਣੀ ਰਚਨਾ ਦੇ ਜ਼ਰੀਏ ਇਸ ਘਟਨਾ ਦਾ ਜ਼ਿਕਰ ਕੀਤਾ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ-ਦ੍ਰਿਸ਼ਟੀ ਅੰਤਰਰਾਸ਼ਟਰੀ ਸਰੋਕਾਰਾਂ ਦੀ ਧਾਰਨੀ ਹੈ। ਉਸਦੀ ਕਲਮ ਇਰਾਕ ਹਮਲੇ ਦੌਰਾਨ ਮਾਰੇ ਗਏ ਤੇ ਜ਼ਖਮੀ ਹੋਏ ਬੇਕਸੂਰ ਲੋਕਾਂ ਦੀ ਅੰਤਰਵੇਦਨਾ ਨੂੰ ਬਾਖੂਬੀ ਪੇਸ਼ ਕਰਦੀ ਹੈ। ਅਮਰੀਕਾ ਵਿੱਚ ਰਹਿੰਦਾ ਹੋਇਆ ਵੀ ਕਵੀ ਅਮਰੀਕਾ ਦੁਆਰਾ ਇਰਾਕ ਪ੍ਰਤੀ ਅਪਣਾਈ ਜਾਂਦੀ ਜੰਗੀ ਨੀਤੀ ਦਾ ਵਿਰੋਧ ਕਰਦਾ ਹੈ।

ਈਰਾਕ ਦੀ ਜੰਗ
ਅਫ਼ਗਾਨੀਸਤਾਨ ਤੇ ਬੇਵਜਾਹ ਕਾਬੂ
ਲਿਬਨਾਨੀ ਸ਼ਹਿਰ ਫਲੂਜਾ ਉੱਤੇ
ਗਵਾਂਢੀ ਮੁਲਕ ਇਸਰਾਈਲ ਵੱਲੋਂ
ਹਵਾਈ ਹਮਲਾ

ਪਰਿਵਾਰਾਂ ਦੇ ਪਰਿਵਾਰ

ਪਲਾਂ ਛਿਣਾਂ ਵਿੱਚ

ਬੜੀਆਂ ਰੀਝਾਂ ਨਾਲ ਬਣਾਏ

ਆਪਣੇ ਹੀ ਘਰਾਂ ਵਿੱਚ ਹੀ ਦਫਨ

ਘਰ ਕਿ ਕਬਰ

ਕੀ ਫਰਕ ਕੀ ਕਦਰ।[6]

ਪੂੰਜੀਵਾਦੀ ਤੇ ਵਿਕਸਿਤ ਮੁਲਕਾਂ ਵਿੱਚ ਲੋਕ ਬੇਸ਼ਕ ਪਦਾਰਥਕ ਤੌਰ ਤੇ ਖੁਸ਼ਹਾਲ ਹੋ ਜਾਂਦੇ ਹਨ ਪਰ ਉਹ ਆਤਮਿਕ ਤੌਰ ਤੇ ਆਪਣੇ ਆਪ ਨੂੰ ਬੇਚੈਨੀ ਦੇ ਆਲਮ ਵਿੱਚ ਗ੍ਰਸਤ ਮਹਿਸੂਸ ਕਰਦੇ ਹਨ ਜਿਸ ਕਾਰਣ ਉਨ੍ਹਾਂ ਵਿੱਚ ਆਪਣੇ ਪ੍ਰਤੀ, ਪਰਿਵਾਰ ਪ੍ਰਤੀ ਅਤੇ ਸਮਾਜ ਪ੍ਰਤੀ ਅਲਗਾਵ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਇਨ੍ਹਾਂ ਪੂੰਜੀਵਾਦੀ ਮੁਲਕਾਂ ਅੰਦਰ ਵਸਤੂਆਂ ਦੀ ਤਾਦਾਦ ਅਤੇ ਖਪਤ ਬਹੁਤ ਜਿਆਦਾ ਹੈ। ਕਾਰਪੋਰੇਟ ਸੈਕਟਰ ਆਪਣੇ ਨਿੱਜੀ ਮੁਫਾਦ ਲਈ ਪਦਾਰਥਵਾਦੀ ਸੱਭਿਆਚਾਰ ਨੂੰ ਉਤਸ਼ਾਹਿਤ ਕਰ ਰਿਹਾ ਹੈ ਜਿਸ ਅਧੀਨ ਲੋਕਾਂ ਵਿੱਚ ਪਦਾਰਥਕ ਪ੍ਰਵਿਰਤੀ ਪੈਦਾ ਕੀਤੀ ਜਾ ਸਕੇ ਤਾਂ ਜੋ ਉਹ ਇਨ੍ਹਾਂ ਪੂੰਜੀਪਤੀਆਂ ਦੁਆਰਾ ਉਤਪਾਦਿਤ ਮਾਲ (Product) ਨੂੰ ਖਰੀਦਣ ਲਈ ਮਾਨਸਿਕ ਤੌਰ ਤੇ ਤਿਆਰ ਹੋ ਸਕਣ। ਸੂਰਜ ਨਹੀਂ ਮੋਇਆ ਕਾਵਿ-ਸੰਗ੍ਰਹਿ ਵਿੱਚ ਕਵੀ ਨੇ ਆਪਣੀ ਕਵਿਤਾ ਗਾਰਬੇਜ਼ ਕਲੈਕਟਰ ਜ਼ਰੀਏ ਉਪਰੋਕਤ ਪ੍ਰਸਥਿਤੀਆਂ ਨੂੰ ਬਾਖੂਬੀ ਪੇਸ਼ ਕੀਤਾ ਹੈ:

ਚੰਗੀਆਂ ਭਲੀਆਂ ਚੀਜਾਂ

ਚੁੱਕ ਚੁੱਕ ਸੁੱਟੀ ਜਾਂਦਾ

ਮਹਿੰਗੇ ਸੂਟ

ਮਹਿੰਗੀਆਂ ਪੈਂਟਾਂ

ਮਹਿੰਗੀਆਂ ਸ਼ਰਟਾਂ ਪਾਂਦਾਂ

ਇਕ ਦੋ ਧੋਆਂ ਬਾਅਦ

ਮਨ ਉਹਦਾ ਅੱਕਲਾਂਦਾ[7]

ਸੱਤਾ ਨੂੰ ਵੰਗਰਾਦੀ ਹੋਈ ਉਸਦੀ ਕਵਿਤਾ ਬੜੀ ਬੇਬਾਕੀ ਨਾਲ ਸੱਤਾ ਉੱਪਰ ਕਾਬਜ਼ ਤਾਕਤਾਂ ਖਿਲਾਫ਼ ਪ੍ਰਤੀਰੋਧਕ ਸੁਰ ਵਿੱਚ ਪੇਸ਼ ਹੁੰਦੀ ਹੈ। ਜੰਗ ਭਾਵੇਂ ਦੇਸ਼ ਦੀ ਭਲਾਈ ਰੱਖਿਆ ਖਾਤਰ ਹੋਵੇ ਇਸਦੀ ਲਪੇਟ ਵਿਚ ਅਕਸਰ ਆਮ ਲੋਕਾਈ ਹੀ ਆਉਂਦੀ ਹੈ। ਪਿਆਰਾ ਸਿੰਘ ਕੁੱਦੋਵਾਲ ਆਪਣੀ ਸ਼ਾਇਰੀ ਰਾਹੀਂ ਰਾਜ ਨੇਤਾਵਾਂ ਦੀਆਂ ਕੋਝੀਆਂ ਚਾਲਾਂ ਨੂੰ ਬੇਪਰਦ ਕਰਦਾ ਹੋਇਆ ਉਨ੍ਹਾਂ ਉੱਪਰ ਤਿੱਖੇ ਵਿਅੰਗ ਕਰਦਾ ਹੈ। ਰਾਜ ਨੇਤਾ ਆਪਣੀ ਸੱਤਾ ਦੀ ਲਾਲਸਾ ਵੱਸ ਹਰ ਅਨੈਤਿਕ ਕੰਮ ਕਰਨ ਲਈ ਤਿਆਰ ਰਹਿੰਦਾ ਹੈ। ਦੇਸ਼ ਚਾਹੇ ਗਰੀਬ ਹੋਵੇ ਜਾਂ ਅਮੀਰ ਸੱਤਾ ਦੇ ਪਾਵਿਆਂ ਨੂੰ ਮਜ਼ਬੂਤ ਰੱਖਣ ਲਈ ਫ਼ਿਰਕਾਪ੍ਰਸਤੀ ਦਾ ਮਾਹੌਲ ਸਿਰਜਿਆ ਜਾਂਦਾ ਹੈ ਤਾਂ ਕਿ ਲੋਕ ਡਰਦੇ ਰਹਿਣ ਅਤੇ ਆਪਣੇ ਘਰਾਂ ਵਿਚ ਹੀ ਦੁਬਕੇ ਰਹਿਣ। ਸ਼ਾਇਰ ਅਜਿਹੇ ਲੋਕਾਂ ਦੀ ਮਰ ਚੁੱਕੀ ਜਮੀਰ ਨੂੰ ਆਪਣੇ ਕਾਵਿ-ਜਗਤ ਦਾ ਹਿੱਸਾ ਬਣਾਉਂਦਾ ਹੋਇਆ ਬੜੀ ਬੇਬਾਕੀ ਨਾਲ ਲਿਖਦਾ ਹੈ:

> ਇਹ ਜ਼ਮੀਰਫਰੋਸ਼/ਨਿੱਤ ਭਾਸ਼ਣ ਝਾੜਦੇ
> ਭੀੜਾਂ ਉਕਸਾਉਂਦੇ/ਸਾਜਿਸ਼ਾਂ ਰਚਦੇ
> ਅੱਗਾਂ ਲਾਉਂਦੇ/ਲੋਕਾਂ ਨੂੰ ਲੋਕਾਂ ਨਾਲ ਲੜਾਉਂਦੇ
> ਤੇ ਤਥਾਕਥਿਤ ਸ਼ਹੀਦਾਂ ਨੂੰ
> ਸੋਨ ਪੱਤਰੀਆਂ ਵਿਚ ਸਜਾਉਂਦੇ
> ਪਰ ਸੱਚੇ ਸ਼ਹੀਦਾਂ ਦੇ ਨਾਂ ਤੇ
> ਤਿਲਮਿਲਾਉਂਦੇ, ਮੂੰਹ ਚਿੜਾਉਂਦੇ
> ਇਕ ਥਾਂ, ਇਕ ਬਿੰਦੂ ਤੇ
> ਰੁਕ ਚੁੱਕੇ ਨੇ, ਮੁੱਕ ਚੁੱਕੇ ਨੇ।[8]

ਆਪਣੀ ਨਜ਼ਰਗਿਰੀ ਰਾਹੀਂ ਜਿਥੇ ਉਹ ਅੰਤਰ ਰਾਸ਼ਟਰੀ ਮਸਲਿਆਂ ਦੀ ਗੱਲ ਕਰਦਾ ਹੈ, ਉੱਥੇ ਹੀ ਉਹ ਕੇਵਲ ਪੰਜਾਬ ਹੀ ਨਹੀਂ ਬਲਕਿ ਦੁਨੀਆਂ ਦੇ ਹਰ ਕੋਨੇ ਅੰਦਰ ਫੈਲੀ ਨਸ਼ਾਖੋਰੀ ਅਤੇ ਨਸ਼ੇ ਦੇ ਵਪਾਰ ਵਰਗੀ ਭੈੜੀ ਅਲਾਮਤ ਦਾ ਵਿਰੋਧ ਵੀ ਕਰਦਾ ਹੈ। ਅਮਰੀਕਾ, ਕੈਨੇਡਾ ਵਰਗੇ ਪੂੰਜੀਵਾਦੀ ਮੁਲਕਾਂ ਵਿਚ ਖ਼ਪਤਵਾਦੀ ਸਭਿਆਚਾਰ ਦੇ ਪਾਸਾਰ ਸਦਕਾ ਮਨੁੱਖ ਵਿਚ ਹਰ ਸ਼ੈਅ ਦੇ ਨਾਲ ਨਾਲ ਰਿਸ਼ਤਿਆਂ ਨੂੰ

ਨਿਭਾਉਣ ਦੀ ਬਜਾਇ ਭੋਗਣ ਦੀ ਪ੍ਰਵਿਰਤੀ ਭਾਰੂ ਹੁੰਦੀ ਜਾ ਰਹੀ ਹੈ ਜਿਸ ਕਾਰਨ ਲੋਕਾਂ ਵਿਚ ਇਕੱਲਤਾ ਦਾ ਅਹਿਸਾਸ ਵੱਧਦਾ ਜਾ ਰਿਹਾ ਹੈ। ਇਸ ਖ਼ਪਤਵਾਦੀ ਦੌਰ ਵਿਚ ਮਨੁੱਖ ਤਣਾਓ (Depression) ਦਾ ਸ਼ਿਕਾਰ ਹੋ ਰਿਹਾ ਹੈ ਜਿਸ ਕਾਰਨ ਉਹ ਕਈ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੀ ਤਰਸਯੋਗ ਸਥਿਤੀ ਤੋਂ ਨਿਜਾਤ ਪਾਉਣ ਖਾਤਰ ਉਹ ਨਸ਼ਿਆਂ ਦੇ ਸੇਵਨ ਵੱਲ ਰੁਚਿਤ ਹੋ ਜਾਂਦਾ ਹੈ। ਅਜੋਕੀ ਨੌਜਵਾਨ ਪੀੜੀ ਵਿਚ ਦਿਨੋਂ ਦਿਨ ਨਸ਼ਿਆ ਦੇ ਵੱਧ ਰਹੇ ਰੁਝਾਨ ਪ੍ਰਤੀ ਸ਼ਾਇਰ ਫ਼ਿਕਰਮੰਦੀ ਜ਼ਾਹਿਰ ਕਰਦਾ ਹੋਇਆ ਭ੍ਰਿਸ਼ਟ ਰਾਜਸੀ ਲੀਡਰਾਂ ਤੇ ਅਫ਼ਸ਼ਰਸ਼ਾਹੀ ਨੂੰ ਇਸ ਲਈ ਜਿੰਮੇਵਾਰ ਠਹਿਰਾਉਂਦਾ ਹੈ। ਪਿਆਰਾ ਸਿੰਘ ਕੁੱਦੋਵਾਲ ਆਪਣੀ ਜਨਮ ਭੂਮੀ ਪੰਜਾਬ ਦੀ ਤਰਸਯੋਗ ਸਥਿਤੀ ਤੇ ਵੀ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ। ਪੰਜਾਬ ਵਿਚ ਪ੍ਰਚੱਲਿਤ ਨਸ਼ਿਆਂ ਦੇ ਰੁਝਾਨ ਸਦਕਾ ਨੌਜਵਾਨਾਂ ਤੇ ਪੈ ਰਹੇ ਦੁਸ਼ਪ੍ਰਭਾਵ ਤੇ ਕਈ ਘਰਾਂ ਦੇ ਉਜੜ ਜਾਣ ਦੀ ਦਾਸਤਾਨ ਨੂੰ ਬੜੀ ਗੰਭੀਰਤਾ ਨਾਲ ਪੇਸ਼ ਕਰਦਾ ਹੈ। ਉਹ ਮਾਨਵਤਾ ਦੇ ਕਲਿਆਣ ਲਈ ਪੈਦਾ ਹੋਈਆਂ ਮਹਾਨ ਰੂਹਾਂ ਦੇ ਗੌਰਵਸ਼ਾਲੀ ਇਤਿਹਾਸ ਨੂੰ ਪਿੱਠਭੂਮੀ ਵਿਚ ਰੱਖਦਾ ਹੋਇਆ ਆਪਣੀ ਅੰਤਰ ਆਤਮਾ ਨੂੰ ਵੰਗਾਰਦਾ ਹੈ ਤੇ ਨਸ਼ਿਆਂ ਦੀ ਇਸ ਮਾੜੀ ਅਲਾਮਤ ਤੋਂ ਖਹਿੜਾ ਛੁਡਾਉਣ ਲਈ ਲੋਕਾਈ ਨੂੰ ਲਾਮਬੱਧ ਕਰਨ ਦਾ ਉਪਰਾਲਾ ਕਰਦਾ ਹੈ।

ਭਗਤ ਸਿੰਘ ਨੇ

ਫਾਂਸੀ ਚੜ੍ਹ ਕੇ ਦੱਸਿਆ

ਇਸ ਰਾਹ ਤੇ ਜੋ ਗਿਆ

ਸਮਿਓ ਪਾਰ ਗਿਆ!

ਊਧਮ ਸਿੰਘ ਦੇ ਉੱਧਮ

ਡਾਇਰ ਮਾਰਿਆ

ਜਾਨ ਤਲੀ ਤੇ ਰੱਖ

ਜੋ ਲੰਡਨ ਸੀ ਗਿਆ!

ਕੁੱਦੋਵਾਲ ਤੂੰ ਵੀ ਉੱਠ

“ਹੱਲਾ ਬੋਲ”

ਨਸ਼ਿਆਂ ਨੇ ਪੰਜਾਬ ਤੇਰਾ

ਹੈ ਪੀ ਲਿਆ !![9]

ਪਿਆਰਾ ਸਿੰਘ ਕੁੱਦੋਵਾਲ ਦੀਆ ਕਵਿਤਾਵਾਂ ਉਸ ਦਾ ਕੁਦਰਤ ਪ੍ਰਤੀ ਨਜ਼ਰੀਆ ਵੀ ਪੇਸ਼ ਕਰਦੀਆਂ ਹਨ। ਉਹ ਕੁਦਰਤ ਦੀ ਤਬਾਹੀ ਵਿੱਚੋਂ ਪੈਦਾ ਹੁੰਦੇ ਵਿਨਾਸ਼ਕਾਰੀ ਸੰਕਟ ਦੀ ਗੱਲ ਕਰਦਾ ਹੈ। ਉਹ ਖੁਦ ਨੂੰ ਸੱਭਿਅਕ ਗਰਦਾਨਦੇ ਵਿਕਸਿਤ ਅਤੇ ਪੂੰਜੀਵਾਦੀ ਪੱਛਮੀ ਮੁਲਕਾਂ ਵੱਲੋਂ ਉੱਥੋਂ ਦੇ ਮੂਲ ਨਿਵਾਸੀਆਂ (Natives) ਅਤੇ ਗੋਰੇ ਲੋਕਾਂ ਦੀ ਆਪਸੀ ਭਾਈਚਾਰਕ ਸਾਂਝ ਦੀ ਪੂਰੀ ਦੁਨੀਆਂ ਤੇ ਬਣਾਈ ਝੂਠੀ ਭ੍ਰਮਕ ਤਸਵੀਰ ਦੀ ਅਸਲ ਸੱਚਾਈ ਨੂੰ ਜੱਗ ਜ਼ਾਹਿਰ ਕਰਦਾ ਹੋਇਆ ਉਨ੍ਹਾਂ ਦੇ ਸ਼ੋਸ਼ਣੀ ਵਰਤਾਰਿਆਂ ਅਤੇ ਸਿਸਟਮ ਅੱਗੇ ਕਈ ਸਵਾਲ ਖੜ੍ਹੇ ਕਰਦਾ ਹੈ। ਕੁਦਰਤੀ ਆਫ਼ਤਾਂ ਜਾ ਮਾੜੀਆਂ ਪ੍ਰਸਥਿਤੀਆਂ ਅੰਦਰ ਫਸੇ ਮਨੁੱਖ ਦੀ ਜਾਨ ਸ਼ਾਇਦ ਕੁਝ ਸਮੇਂ ਲਈ ਹੀ ਭੇਦ-ਭਾਵ ਮਿਟਾ ਸਕਦੀ ਹੈ ਭਾਵ ਕਿ ਕੁਦਰਤ ਕੋਈ ਭੇਦ ਭਾਵ ਨਹੀਂ ਕਰਦੀ,ਬੰਦਾ ਕਰਦਾ ਹੈ। ਜਦਕਿ ਇਹ ਸੁਖਾਵੇਂ ਮਾਹੌਲ ਅੰਦਰ ਜਿਉਂ ਦਾ ਤਿਉਂ ਬਰਕਰਾਰ ਰਹਿੰਦਾ ਹੈ। ਵਿਕਸਿਤ ਮੁਲਕਾਂ ਨੇ ਗਿਆਨ ਅਤੇ ਤਕਨਾਲੋਜੀ ਦੇ ਸਹਾਰੇ ਖੁਦ ਨੂੰ ਇੰਨਾ ਸ਼ਕਤੀ-ਸੰਪੰਨ ਕਰ ਲਿਆ ਹੈ ਕਿ ਉਹ ਕਠੋਰ ਪ੍ਰਸਥਿਤੀਆਂ ਨਾਲ ਨਜਿੱਠਣ ਲਈ ਵੀ ਤਿਆਰ ਰਹਿੰਦੇ ਹਨ। ਕੁਦਰਤ ਦਾ ਬਾਹਰੀ ਰੂਪ ਜਿੰਨਾ ਦਿਲਕਸ਼ ਤੇ ਮਨਮੋਹਕ ਹੈ ਇਸਦਾ ਅੰਦਰੂਨੀ ਰੂਪ ਉਨ੍ਹਾਂ ਹੀ ਵਿਕਰਾਲ ਤੇ ਭਿਆਨਕ ਵੀ ਹੈ। ਪਿਆਰਾ ਸਿੰਘ ਕੁੱਦੋਵਾਲ ਆਪਣੀਆਂ ਨਜ਼ਮਾਂ ਅੰਦਰ ਕੁਦਰਤ ਦੇ ਉਸ ਵਿਨਾਸ਼ਕਾਰੀ ਮਾਹੌਲ ਦਾ ਜ਼ਿਕਰ ਕਰਦਾ ਹੋਇਆ ਮਨੁੱਖ ਜਾਤੀ ਵੱਲੋਂ ਕੁਦਰਤ ਪ੍ਰਤੀ ਅਪਣਾਏ ਅਣਗਹਿਲੀ ਭਰੇ ਵਤੀਰੇ ਉੱਪਰ ਵਿਅੰਗ ਕਰਦਾ ਲਿਖਦਾ ਹੈ:

ਕੈਟਰੀਨਾ

ਸਮੁੰਦਰੀ ਤੂਫਾਨ

ਤਬਾਹੀ ਦਾ ਭਿਆਨਕ ਰੂਪ

ਸ਼ਿਵ ਦੀ ਕਰੋਪੀ ਦਾ

ਪ੍ਰਤੱਖ ਨਜ਼ਾਰਾ

ਰੱਬ ਦੀ ਹੋਂਦ ਦਾ ਪ੍ਰਗਟਾਅ

ਕੁਦਰਤ ਦੀ ਸੁੰਦਰਤਾ

ਦਾ ਦੂਜਾ ਪਾਸਾ

ਅਸੀ ਕੰਧਾ ਉਸਾਰ ਕੇ

ਇੰਝ ਸੁਰੱਖਿਅਤ ਹਾਂ

ਜਿਵੇਂ ਕਬੂਤਰ ਬਿੱਲੀ ਵੱਲ

ਅੱਖ ਮੀਟ ਕੇ[10]

ਪਿਆਰਾ ਸਿੰਘ ਕੁੱਦੋਵਾਲ ਦੀਆਂ ਇਸ ਕਾਵਿ ਪੁਸਤਕ ਵਿਚਲੀਆਂ ਨਜ਼ਮਾਂ ਉਸਦੀ ਨੈਤਿਕ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦੀਆਂ ਹਨ। ਨੈਤਿਕਤਾ ਇਕ ਅਜਿਹਾ ਕਰਮ ਹੈ ਜਿਹੜਾ ਜ਼ਿੰਦਗੀ ਦੀ ਅਹਿਮੀਅਤ ਦਰਸਾਉਂਦਾ ਹੋਇਆ ਇਸਨੂੰ ਸੰਜਮ ਅਤੇ ਸੁੱਚਤਾ ਵਿੱਚ ਰੱਖਣ ਲਈ ਇੱਕ ਸੁਖਾਵਾਂ ਮਾਹੌਲ ਸਿਰਜਦਾ ਹੈ। ਨੈਤਿਕਤਾ ਹੀ ਸਾਨੂੰ ਮਾਨਵੀ ਸ਼ਕਤੀ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਚੰਗਾ ਕਰਮ ਕਰਨ ਲਈ ਪ੍ਰੇਰਦੀ ਹੈ। ਇਹ ਇਕ ਅਜਿਹੀ ਆਦਰਸ਼ਮਈ ਪ੍ਰਵਿਰਤੀ ਹੈ ਜਿਹੜੀ ਮਨੁੱਖ ਅੰਦਰ ਸਮੁੱਚੀ ਮਾਨਵਤਾ ਲਈ ਪਿਆਰ ਅਤੇ ਕਰੁਣਾ ਵਰਗੇ ਕੋਮਲ ਅਹਿਸਾਸ ਪੈਦਾ ਕਰਦੀ ਹੈ।

ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਜਿੱਥੇ ਵਿਸ਼ਵੀ ਸਰੋਕਾਰਾਂ ਦੀ ਗੱਲ ਕਰਦੀ ਹੈ ਉੱਥੇ ਹੀ ਉਸਦੀ ਕਲਮ ਪਿਆਰ ਵਰਗੇ ਕੋਮਲ ਅਹਿਸਾਸ ਤੋਂ ਵੀ ਵਿਛੁੰਨੀ ਨਹੀ ਰਹਿੰਦੀ।ਉਹ ਆਪਣੀ ਕਵਿਤਾ ਵਿੱਚ ਪਿਆਰ ਦਾ ਇਕ ਮੁਕੰਮਲ ਸੰਸਾਰ ਸਿਰਜਣਾ ਲੋਚਦਾ ਹੈ। ਉਹ ਪਿਆਰ ਦੀ ਤਾਕਤ ਨੂੰ ਸਮਝਦਾ ਹੈ। ਮੁਹੱਬਤ ਹੀ ਮਨੁੱਖ ਅੰਦਰ ਮਾਨਵੀ ਗੁਣ ਪੈਦਾ ਕਰਦੀ ਹੈ। ਇਹ ਮਨੁੱਖ ਅੰਦਰ ਵੰਗਾਰਮਈ ਪ੍ਰਸਥਿਤੀਆਂ ਨਾਲ ਆਢਾ ਲਾਉਣ ਦੀ ਸ਼ਕਤੀ ਅਤੇ ਸਮਰੱਥਾ ਵੀ ਪੈਦਾ ਕਰਦੀ ਹੈ:

ਮੁਹੱਬਤ

ਇੰਤ੍ਹਾ ਵੀ ਹੁੰਦੀ ਹੈ

ਬਗਾਵਤ ਵੀ

ਵਿਸ਼ਵਾਸ ਵੀ

ਬੇਵਿਸਾਹੀ ਵੀ

ਮਿਲਦੀ ਹੈ ਬੜੀ ਤਾਕਤ ਮੁਹੱਬਤ ਚੋਂ

ਜ਼ਮਾਨੇ ਨਾਲ ਟਕਰਾਓਣ ਦੀ

ਪਰ ਕਦੇ ਕਦੇ ਹੁੰਦੀ ਹੈ

ਜੱਗ ਹਸਾਈ ਵੀ"

ਪਾਕ ਪਵਿੱਤਰ ਮੁਹੱਬਤ ਨੂੰ ਸਮਾਜ ਦੀਆਂ ਕੋੜੀਆਂ/ਰੂੜ੍ਹੀਵਾਦੀ ਨਜ਼ਰਾਂ ਦਾ ਹਮੇਸ਼ਾ ਸ਼ਿਕਾਰ ਹੋਣਾ ਪਿਆ ਹੈ। ਸਮਾਜ ਨੇ ਇਸਨੂੰ ਸਦੀਆਂ ਤੋਂ ਆਪਣੀਆਂ ਰੂੜ੍ਹੀਵਾਦੀ ਕਦਰਾਂ ਕੀਮਤਾਂ ਦੀ ਬਣਾਈ ਖੋਖਲੀ ਦੀਵਾਰ ਦੀ ਬੁਨਿਆਦ ਅੰਦਰ ਦਬਾਈ ਰੱਖਿਆ ਹੈ ਪਰੰਤੂ ਇਸਦੀ ਸੁੱਚਤਾ ਵਿੱਚੋਂ ਨਿਕਲਣ ਵਾਲੀ ਊਰਜਾ ਨੇ ਕਈ ਵਾਰੀ ਸਮਾਜ ਦੀ ਬਣਾਈ ਇਸ ਰੂੜ੍ਹੀਵਾਦੀ ਵਲਗਣ ਨੂੰ ਢਹਿਢੇਰੀ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਿਆਰਾ ਸਿੰਘ ਕੁੱਦੋਵਾਲ ਭਾਵੇਂ ਕੈਨੇਡਾ ਵਰਗੇ ਵਿਕਸਿਤ ਮੁਲਕ ਵਿੱਚ ਵਿਚਰ ਰਿਹਾ ਹੈ ਪਰ ਫਿਰ ਵੀ ਉਹ ਪੰਜਾਬ ਅਤੇ ਇੱਥੋਂ ਦੀ ਜ਼ਿੰਦਗੀ ਨੂੰ ਆਪਣੀਆਂ ਸਿਮਰਤੀਆਂ ਦਾ ਹਿੱਸਾ ਬਣਾਉਂਦਾ ਹੋਇਆ ਆਪਣੀ ਜਨਮ ਭੂਮੀ ਨਾਲ ਗਹਿਰੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦਾ ਹੈ। ਉਹ ਆਪਣੀਆ ਰਚਨਾਵਾਂ ਅੰਦਰ ਆਪਣੇ ਪਿੰਡ ਆਪਣੀ ਮਾਤ ਭੂਮੀ ਨੂੰ ਯਾਦ ਕਰਦਾ ਹੋਇਆ ਵਾਪਿਸ ਪਰਤਣ ਦੀ ਤਾਂਘ ਨੂੰ ਪੇਸ਼ ਕਰਦਾ ਹੈ।

ਪਿਆਰਾ ਸਿੰਘ ਕੁੱਦੋਵਾਲ ਦੀਆਂ ਇਨ੍ਹਾਂ ਕਾਵਿ ਪੁਸਤਕਾਂ ਵਿਚਲੀਆਂ ਸਮੁੱਚੀਆਂ ਨਜ਼ਮਾਂ ਨੂੰ ਗੌਲਦਿਆਂ ਇਕ ਗੱਲ ਤਾਂ ਆਖੀ ਜਾ ਸਕਦੀ ਹੈ ਕਿ ਉਸਦੀ ਕਾਵਿ ਦ੍ਰਿਸ਼ਟੀ ਕੇਵਲ ਅੰਤਰ ਰਾਸ਼ਟਰੀ ਮਸਲਿਆਂ ਤੱਕ ਹੀ ਸੀਮਿਤ ਨਹੀਂ ਰਹਿੰਦੀ ਬਲਕਿ ਉਹ ਮਾਨਵੀ ਅਸਤਿਤਵ ਅਤੇ ਗੌਰਵ ਨੂੰ ਠੇਸ ਪਹੁਚਾਉਣ ਵਾਲੀਆਂ ਬੁਰੀਆਂ ਸ਼ਕਤੀਆਂ ਦੇ ਖਿਲਾਫ਼ ਆਪਣੀ ਆਵਾਜ਼ ਨੂੰ ਬੁਲੰਦ ਕਰਦਾ ਹੈ। ਉਹ ਕਟਾਖਸ਼ਮਈ ਸੁਰ ਅਪਣਾਉਂਦਾ ਹੋਇਆ ਆਪਣੀਆਂ ਸਮੁੱਚੀਆਂ ਰਚਨਾਵਾਂ ਦੇ ਜ਼ਰੀਏ ਮਾਨਵਤਾ ਲਈ ਫ਼ਿਕਰਮੰਦੀ ਜ਼ਾਹਿਰ ਕਰਦਾ ਹੈ ਅਤੇ ਇਸਦੀ ਹੋਂਦ ਨੂੰ ਢਾਹ ਲਾਉਣ ਵਾਲੀਆਂ ਸ਼ਕਤੀਆਂ ਦੇ ਨਾਲ ਦਸਤਪੰਜਾ ਲੈਂਦਾ ਹੋਇਆ ਸਾਰੀ ਮਾਨਵਤਾ ਨੂੰ ਇਨ੍ਹਾਂ ਵਿਨਾਸ਼ਕਾਰੀ ਤਾਕਤਾਂ ਦੇ ਖਿਲਾਫ਼ ਇਕਜੁੱਟ ਹੋ ਕੇ ਲੜਨ ਲਈ ਲਾਮਬੰਦ ਵੀ ਕਰਦਾ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਸਮੁੱਚੀ ਕਵਿਤਾ ਵੱਖ-ਵੱਖ ਸਮਾਜਿਕ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ ਹੋਈ ਸਮਾਜਿਕ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦੀ ਹੈ। ਉਸਦੀ ਸ਼ਾਇਰੀ ਵਿਚਲੇ ਸਮਾਜਿਕ ਅਤੇ ਰਾਜਨੀਤਕ ਮਸਲੇ ਇਸਨੂੰ ਪ੍ਰਗਤੀਸ਼ੀਲ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਇਨ੍ਹਾਂ

ਨਜ਼ਮਾਂ ਵਿੱਚ ਕਵੀ ਦਾ ਸਿਦਕ ਸੰਘਰਸ਼ ਅਤੇ ਕਾਵਿ ਪ੍ਰਯੋਜਨ ਥਾਂ-ਥਾਂ ਤੇ ਆਪਣੀ ਮਹੱਤਵਪੂਰਨ ਸਪੇਸ ਬਣਾਈ ਰੱਖਦਾ ਹੈ। ਉਸਦੀ ਕਵਿਤਾ ਦੀ ਅਹਿਮੀਅਤ ਉਸਦੇ ਕਾਵਿ-ਸਰੋਕਾਰਾਂ ਅਤੇ ਵਿਚਾਰਧਾਰਾ ਵਿੱਚ ਪਈ ਹੋਈ ਹੈ।

**ਸਰਹੰਦ ਫ਼ਤਿਹ (2016)**

'ਸਰਹੰਦ ਫ਼ਤਿਹ' ਪਿਆਰਾ ਸਿੰਘ ਕੁੱਦੋਵਾਲ ਦੀ ਇਕ ਹੋਰ ਮਹੱਤਵਪੂਰਣ ਰਚਨਾ ਹੈ। ਇਹ ਇਕ ਇਤਿਹਾਸਕ ਨਾਟਕ ਹੈ। ਇਸ ਨਾਟਕ ਵਿੱਚ ਕਵੀ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹੰਦ ਦੇ ਨਵਾਬ ਵਜ਼ੀਰ ਖਾਨ ਨੂੰ ਮੌਤ ਦੇ ਘਾਟ ਉਤਾਰ ਕੇ ਉੱਥੇ ਖਾਲਸਾਈ ਝੰਡੇ ਨੂੰ ਬੁਲੰਦ ਕਰਨ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਸ਼ਹਾਦਤ ਤੱਕ ਦਾ ਬਿਆਨ ਹੈ। ਇਸ ਨਾਟਕ ਨੂੰ ਲਿਖਣ ਦਾ ਮਕਸਦ ਕੈਨੇਡਾ ਵਿੱਚ ਪੜ੍ਹ ਰਹੇ ਪਰਵਾਸੀ ਪੰਜਾਬੀ ਬੱਚਿਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣਾ ਹੈ ਤੇ ਉਨ੍ਹਾਂ ਨੂੰ ਸਿੱਖ ਇਤਿਹਾਸ ਨਾਲ ਜੋੜਣਾ ਹੈ ਤਾਂ ਕਿ ਸਿੱਖ ਇਤਿਹਾਸ ਤੇ ਵਿਰਾਸਤ ਨੂੰ ਸਾਂਭ ਕੇ ਰੱਖਿਆ ਜਾ ਸਕੇ। ਪਿਆਰਾ ਸਿੰਘ ਕੁੱਦੋਵਾਲ ਨੇ ਇਸ ਨਾਟਕ ਦਾ ਸਫਲ ਮੰਚਣ ਬਰੈਂਪਟਣ(ਕੈਨੇਡਾ) ਦੇ ਇਕ ਸਕੂਲ ਵਿੱਚ ਕੀਤਾ, ਜਿਸਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਭਾਰਤੀ/ਪੰਜਾਬੀਆਂ ਦੀ ਪਰਵਾਸ ਦੀ ਪ੍ਰਕਿਰਿਆ ਬੜੇ ਲੰਮੇ ਸਮੇਂ ਵਿੱਚੋਂ ਗੁਜ਼ਰਦੀ ਹੋਈ ਅਜੋਕੇ ਦੌਰ ਤੱਕ ਪਹੁੰਚੀ ਹੈ। ਇਸ ਲੰਮੇ ਸਮੇਂ ਦੀ ਪ੍ਰਕਿਰਿਆ ਦੌਰਾਨ ਇਨ੍ਹਾਂ ਪੰਜਾਬੀਆਂ ਦਾ ਵਾਹ ਵੱਖੋ- ਵੱਖਰੇ ਸੱਭਿਆਚਾਰਾਂ ਨਾਲ ਪੈਂਦਾ ਰਿਹਾ ਹੈ। ਜਿਸ ਕਰਕੇ ਪੰਜਾਬੀ ਸੱਭਿਆਚਾਰ ਵਿੱਚ ਬਹੁਤ ਸਾਰੀਆਂ ਭਿੰਨਤਾਵਾਂ ਦਿਖਾਈ ਦੇਣ ਲੱਗੀਆਂ ਹਨ। ਕੈਨੇਡਾ /ਅਮਰੀਕਾ ਅੰਦਰ ਲੰਮੇ ਸਮੇਂ ਤੋਂ ਪਰਵਾਸੀ ਜੀਵਨ ਹੰਢਾ ਰਹੇ ਪੰਜਾਬੀਆਂ ਦੀ ਜੀਵਨ ਸ਼ੈਲੀ ਕਾਫੀ ਹੱਦ ਤੱਕ ਬਦਲ ਚੁੱਕੀ ਹੈ। ਉਨ੍ਹਾਂ ਦਾ ਰਹਿਣ ਸਹਿਣ ਖਾਣ –ਪੀਣ, ਉਨ੍ਹਾਂ ਦਾ ਪਹਿਰਾਵਾ, ਰਿਸ਼ਤਾ ਨਾਤਾ ਪ੍ਰਬੰਧ ਆਦਿ ਲਗਾਤਾਰ ਬਦਲਦੇ ਜਾ ਰਹੇ ਹਨ। ਇਸ ਦੇ ਨਾਲ ਹੀ ਸਾਡੀ ਸੰਸਕ੍ਰਿਤੀ, ਸਾਡੀ ਭਾਸ਼ਾ, ਸਾਡੀ ਵਿਰਾਸਤ ਨੂੰ ਵੀ ਖ਼ੋਰਾ ਲੱਗਦਾ ਜਾ ਰਿਹਾ ਹੈ। ਪਿਆਰਾ ਸਿੰਘ ਕੁੱਦੋਵਾਲ ਨੇ ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਹੀ ਨਾਟਕ ਦੀ ਵਿਧਾ ਨੂੰ ਚੁਣਿਆ ਹੈ। ਉਸਦਾ ਮਨੋਰਥ ਸਿੱਖ ਇਤਿਹਾਸ ਵਿੱਚ ਬਲੀਦਾਨ ਦੀ ਗੌਰਵਸ਼ਾਲੀ ਪਰੰਪਰਾ ਤੋਂ ਪੰਜਾਬੀ ਪਾਠਕਾਂ ਨੂੰ ਜਾਣੂ ਕਰਵਾਉਣਾ ਹੈ।

ਅੰਤ ਵਿੱਚ ਅਸੀਂ ਇਨ੍ਹਾਂ ਦੋਨੋਂ ਕਾਵਿ-ਪੁਸਤਕਾਂ ਅਤੇ ਨਾਟ ਰਚਨਾ 'ਸਰਹੰਦ ਫ਼ਤਹਿ' ਨੂੰ ਧਿਆਨ ਨਾਲ ਪੜ੍ਹਨ ਤੋਂ ਬਾਅਦ ਇਹ ਕਹਿ ਸਕਦੇ ਹਾਂ ਕਿ ਕਵੀ ਪਿਆਰਾ ਸਿੰਘ ਕੁੱਦੋਵਾਲ ਨਿਰੋਲ ਰੂਪ ਵਿੱਚ ਇਕ ਮਾਨਵਵਾਦੀ ਸਾਹਿਤਕਾਰ ਹੈ। ਉਹ ਸਾਹਿਤ ਦੀ ਕਿਸੇ ਵੀ ਵਿਧਾ ਵਿੱਚ ਕਲਮ ਵਾਹੁੰਦਾ ਹੈ ਤਾਂ ਉਸਦੀ ਕਲਮ ਮਾਨਵਤਾ ਦਾ ਦਰਦ ਹੀ ਬਿਆਨ ਕਰਦੀ ਨਜ਼ਰ ਆਉਂਦੀ ਹੈ। ਉਹ ਸਮਾਜਿਕ ਸਰੋਕਾਰਾਂ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ। ਇਸੇ ਕਰਕੇ ਉਸਦੀ ਰਚਨਾ ਵਿੱਚ ਸਮਾਜਿਕ ਪ੍ਰਤੀਬੱਧਤਾ ਵੇਖਣ ਨੂੰ ਮਿਲਦੀ ਹੈ। ਇਹ ਤੱਥ ਕਿਸੇ ਵੀ ਰਚਨਾ ਦੀ ਸ਼ਕਤੀ ਤੇ ਆਧਾਰਸ਼ਿਲਾ ਹੁੰਦਾ ਹੈ।

# ਹਵਾਲੇ ਤੇ ਟਿੱਪਣੀਆਂ


1. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2009, ਪੰਨਾ 23
2. ਉਹੀ, ਪੰਨਾ 27
3. ਉਹੀ, ਪੰਨਾ 33
4. ਉਹੀ, ਪੰਨਾ 67
5. ਉਹੀ, ਪੰਨਾ 44
6. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 40
7. ਉਹੀ, ਪੰਨਾ 34
8. ਉਹੀ, ਪੰਨਾ 15
9. ਉਹੀ, ਪੰਨਾ 128
10. ਉਹੀ, ਪੰਨਾ 88
11. ਉਹੀ, ਪੰਨਾ 95

# ਅਧਿਆਇ : ਦੂਜਾ
# ਪਿਆਰਾ ਸਿੰਘ ਕੁੱਦੋਵਾਲ ਦੇ ਕਾਵਿ-ਸਰੋਕਾਰ

ਸਾਹਿਤ ਤੇ ਸਮਾਜ ਦਾ ਸਬੰਧ ਦਵੰਦਾਤਮਿਕ ਹੈ। ਇਕ ਸਾਹਿਤਕਾਰ ਆਪਣੀ ਰਚਨਾ ਵਸਤੂ ਦਾ ਆਧਾਰ ਸਮਾਜਕ ਚੌਗਿਰਦੇ ਨੂੰ ਬਣਾਉਂਦਾ ਹੈ। ਉਹ ਆਪਣੀ ਸਾਹਿਤਕ ਦ੍ਰਿਸ਼ਟੀ ਨਾਲ ਸਮਾਜ ਨੂੰ ਵੇਖਦਾ ਹੋਇਆ ਇਸ ਤੋਂ ਪ੍ਰਭਾਵ ਗ੍ਰਹਿਣ ਕਰਦਾ ਹੈ ਅਤੇ ਮੁੜਵੇਂ ਰੂਪ ਵਿੱਚ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ। ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਆਖਿਆ ਜਾਂਦਾ ਹੈ। ਸਮਾਜ ਲਈ ਸਾਹਿਤਕ ਰਚਨਾ ਉਸ ਵੇਲੇ ਤੱਕ ਪ੍ਰਭਾਵਸ਼ਾਲੀ ਅਤੇ ਕ੍ਰਾਂਤੀਕਾਰੀ ਬਦਲ ਨਹੀਂ ਪੇਸ਼ ਕਰ ਸਕਦੀ ਜਦੋਂ ਤੱਕ ਉਹ ਖੁਦ ਸਮਾਜ ਤੋਂ ਪ੍ਰਭਾਵਿਤ ਨਹੀਂ ਹੁੰਦੀ। ਸਾਹਿਤ ਸਮਾਜ ਨੂੰ ਸਕਾਰਾਤਮਕ ਦਿਸ਼ਾ ਪ੍ਰਦਾਨ ਕਰਦਾ ਹੈ। ਸਮਾਜ ਅੰਦਰ ਵਾਪਰਦੀਆਂ ਘਟਨਾਵਾਂ ਅਤੇ ਅਸਥਿਰਤਾ ਦੇ ਮਾਹੌਲ ਨੂੰ ਸਾਹਿਤ ਦੇ ਮਾਧਿਅਮ ਰਾਹੀਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਸੰਕਟ ਦੇ ਮਾਹੌਲ ਵਿੱਚੋਂ ਉਤਪੰਨ ਹੁੰਦੀਆਂ ਵਿਡੰਬਨਾਵਾਂ ਨੂੰ ਸਰਲ ਤੇ ਸੌਖੇ ਤਰੀਕੇ ਨਾਲ ਸਮਝਣ ਲਈ ਸਾਹਿਤ ਇਕ ਕਾਰਗਰ ਹਥਿਆਰ ਤੇ ਵਿਸ਼ੇਸ਼ ਸਾਹਿਤਕ ਟੂਲ ਵਜੋਂ ਕੰਮ ਕਰਦਾ ਹੈ। ਸਾਹਿਤ ਮਨੁੱਖ ਨੂੰ ਸੁਹਜਵਾਦੀ ਪ੍ਰਵਿਰਤੀ ਦਾ ਧਾਰਨੀ ਬਣਾਉਂਦਾ ਹੈ। ਸਮਾਜ ਵਿੱਚ ਵਿਚਰਦਿਆਂ ਹੋਇਆ ਉਸਦਾ ਨਜ਼ਰੀਆ ਹੋਰਨਾਂ ਸਮਾਜਿਕ ਪ੍ਰਾਣੀਆਂ ਨਾਲੋਂ ਵੱਖਰਾ ਹੁੰਦਾ ਹੈ। ਅਜਿਹੀ ਬਿਰਤੀ ਦਾ ਧਾਰਨੀ ਮਨੁੱਖ ਸੰਕਟ ਵਿੱਚ ਫ਼ਸੇ ਦੂਸਰੇ ਮਨੁੱਖਾਂ ਲਈ ਸਹਾਇਤਾ ਤੇ ਆਪਸੀ ਮਿਲਵਰਤਨ ਦੀ ਭਾਵਨਾ ਰੱਖਦਾ ਹੈ। ਸਾਹਿਤ ਹੀ ਸਮਾਜ ਤੇ ਮਨੁੱਖੀ ਜੀਵਨ ਨੂੰ ਸਮਝਣ ਅਤੇ ਬਦਲਣ ਦਾ ਕੰਮ ਕਰਦਾ ਹੈ।

ਪਿਆਰਾ ਸਿੰਘ ਕੁੱਦੋਵਾਲ ਪਰਵਾਸੀ ਪੰਜਾਬੀ ਕਵਿਤਾ ਦਾ ਇਕ ਸਮਰੱਥ ਅਤੇ ਪ੍ਰਬੁੱਧ ਸ਼ਾਇਰ ਹੈ। ਉਹ ਆਪਣੀ ਸ਼ਾਇਰੀ ਰਾਹੀਂ ਮਨੁੱਖੀ ਹੋਂਦ ਨੂੰ ਦਰਪੇਸ਼ ਵਿਭਿੰਨ ਕਿਸਮ ਦੇ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਹਨਾਂ ਪ੍ਰਤੀ ਆਪਣਾ ਕਾਵਿਕ ਪ੍ਰਤੀਕਰਮ ਦੇਣ ਦਾ ਯਤਨ ਕਰਦਾ ਹੈ। ਉਸਦੇ ਮਾਨਵੀ ਸੰਕਲਪ ਦੀ ਦ੍ਰਿੜਤਾ ਹੀ ਉਸਨੂੰ ਹੋਰਨਾਂ ਕਵੀਆਂ ਨਾਲੋਂ ਵੱਖਰਾਉਂਦੀ ਹੈ। ਪਿਆਰਾ ਸਿੰਘ ਕੁੱਦੋਵਾਲ ਕਈ ਦਹਾਕਿਆਂ ਤੋਂ ਪੱਛਮ ਦੇ ਵਿਕਸਿਤ ਮੁਲਕ ਅੰਦਰ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਵੱਖਰੇ-ਵੱਖਰੇ ਮੁਲਕਾਂ ਦੀ ਸੈਰ ਅਤੇ ਪਰਵਾਸੀ ਜੀਵਨ ਦੀਆਂ ਤਲਖ ਹਕੀਕਤਾਂ ਨੇ ਉਸਦੇ ਜੀਵਨ ਅਨੁਭਵ ਨੂੰ ਵਿਸ਼ਾਲ ਅਤੇ ਦੀਰਘ

ਬਣਾਇਆ ਹੈ ਜਿਸਦੀ ਪੇਸ਼ਕਾਰੀ ਉਹ ਆਪਣੀਆਂ ਕਵਿਤਾਵਾਂ ਅੰਦਰ ਥਾਂ-ਥਾਂ ਤੇ ਕਰਦਾ ਹੈ। ਸਮੁੱਚੀ ਮਾਨਵਤਾ ਨੂੰ ਪਰਨਾਇਆ ਹੋਇਆ ਉਸਦਾ ਕਲਾਮ ਮਜ਼ਲੂਮ ਅਤੇ ਕਿਰਤੀ ਲੋਕਾਂ ਦੀ ਧਿਰ ਬਣਦਾ ਹੈ। ਉਸਦੀਆਂ ਰਚਨਾਵਾਂ ਵਿਸ਼ਵੀਕਰਨ ਦੇ ਨਕਾਰਾਤਮਕ ਪ੍ਰਭਾਵਾਂ, ਫ਼ਿਰਕਾਪ੍ਰਸਤੀ, ਨਾਰੀਵਾਦ, ਨਸ਼ਾਖੋਰੀ, ਸੱਭਿਆਚਾਰਕ ਪਰਿਵਰਤਨ ਆਦਿ ਵਰਗੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸਮਕਾਲੀ ਮਸਲਿਆਂ ਨੂੰ ਪੇਸ਼ ਕਰਦੀਆਂ ਹਨ।

**ਵਿਸ਼ਵੀਕਰਨ ਦੇ ਪ੍ਰਭਾਵ**

ਵਿਸ਼ਵੀਕਰਨ ਇਕ ਮੰਡੀ ਅਧਾਰਿਤ ਵਰਤਾਰਾ ਹੈ, ਜਿਸਨੇ ਹੱਦਾਂ ਸਰਹੱਦਾਂ ਤੋਂ ਪਾਰ ਜਾ ਕੇ ਗਰੀਬ ਮੁਲਕਾਂ ਵਿੱਚ ਤਬਾਹੀ ਮਚਾਈ ਹੈ। ਸਾਰੀ ਦੁਨੀਆਂ ਨੂੰ ਇੱਕ ਪਿੰਡ ਅੰਦਰ ਤਬਦੀਲ ਕਰਨਾ ਹੀ ਇਸ ਵਰਤਾਰੇ ਦੀ ਮੂਲ ਸੁਰ ਰਹੀ ਹੈ। ਪੂੰਜੀਵਾਦ ਦਾ ਤਜ਼ਾਰਤੀ (Market Based System) ਸਿਸਟਮ ਇਸਦੀ ਬੁਨਿਆਦੀ ਲੋੜ ਹੈ। ਵਿਸ਼ਵੀਕਰਨ ਦੀ ਧਿਰ ਬਣੇ ਵਿਕਸਿਤ ਮੁਲਕ ਪੂਰੀ ਦੁਨੀਆਂ ਦੀ ਆਰਥਿਕਤਾ (World Economy) ਉਪਰ ਆਪਣੀ ਪ੍ਰਭੁਸੱਤਾ ਕਾਇਮ ਕਰਨਾ ਚਾਹੁੰਦੇ ਹਨ। ਇਹ ਵਿਕਸਿਤ ਤੇ ਪੂੰਜੀਵਾਦੀ ਦੇਸ਼ ਆਪਣੀ ਇਸ ਵਧੇਰੇ ਮੁਨਾਫ਼ਾ ਬਟੋਰਨ ਦੀ ਪ੍ਰਵਿਰਤੀ ਅਧੀਨ ਗਰੀਬ ਅਤੇ ਪੱਛੜੇ ਮੁਲਕਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾਂ ਉੱਪਰ ਆਪਣੀ ਧੌਂਸ (Hegemony) ਜਮਾਉਂਦੇ ਹਨ। ਇਹ ਮੁਲਕ ਆਪਣੀ ਸੈਨਿਕ ਸ਼ਕਤੀ ਜਾਂ ਹੋਰ ਅਮਾਨਵੀ ਹੱਥਕੰਡੇ ਅਪਣਾ ਕੇ ਪੱਛੜੇ ਮੁਲਕਾਂ ਵਿਚ ਜੰਗ ਵਰਗੇ ਮਾਹੌਲ ਪੈਦਾ ਕਰਦੇ ਹਨ ਅਤੇ ਜੰਗ ਦੀ ਆੜ ਵਿਚ ਉਥੋਂ ਦੇ ਕੁਦਰਤੀ ਸ੍ਰੋਤਾਂ 'ਤੇ ਕਬਜ਼ਾ ਕਰਕੇ ਅੰਨ੍ਹੀ ਲੁੱਟ ਮਚਾਉਂਦੇ ਹਨ:

> ਹੁਣ ਜਦੋਂ ਕਿ ਪੂੰਜੀਵਾਦ ਦਾ ਤਰਕ ਪੂਰੀ ਤਰ੍ਹਾਂ ਆਲਮੀ ਬਣ ਚੁੱਕਾ ਹੈ ਤਾਂ ਸਾਮਰਾਜਵਾਦ ਆਪਣੇ ਮੁਫ਼ਾਦ ਆਪਣੇ ਪੁਰਾਣੇ ਫ਼ੌਜੀ ਜਾਂ ਜੰਗੀ ਤਰੀਕਿਆਂ ਨਾਲ ਪ੍ਰਾਪਤ ਨਹੀਂ ਕਰ ਸਕਦਾ ਸਗੋਂ ਪੂੰਜੀਵਾਦ ਮੰਡੀ ਰਾਹੀਂ ਇਹ ਕੰਮ ਜ਼ਿਆਦਾ ਬਿਹਤਰੀ ਨਾਲ ਕਰ ਸਕਦਾ ਹੈ। ਪਰ ਇਸਦਾ ਮਤਲਬ ਇਹ ਨਹੀਂ ਕਿ ਸਾਮਰਾਜਵਾਦ ਹੁਣ ਜੰਗਾਂ ਜਾਂ ਫ਼ੌਜੀ ਵਰਤੋਂ ਨਾਲ ਆਪਣੇ ਮੁਫ਼ਾਦ ਪ੍ਰਾਪਤ ਨਹੀਂ ਕਰਦਾ। ਇਸਦੀ ਬੜੀ ਉੱਘੀ ਮਿਸਾਲ ਅਮਰੀਕਾ ਆਪਣੀ ਫ਼ੌਜੀ ਤਾਕਤ ਵਰਤ ਕੇ ਮੱਧ ਪੂਰਬੀ ਤੇ ਮੱਧ ਏਸ਼ੀਆ ਦੇ ਦੇਸ਼ਾਂ ਵਿਚ ਤੇਲ ਦੇ

ਸੋਮਿਆਂ ਨੂੰ ਹਥਿਆਉਣਾ ਤੇ ਸਾਰੇ ਦੇਸ਼ਾਂ ਵਿਚ ਵੱਡੀਆਂ ਅਮਰੀਕਨ ਕੰਪਨੀਆਂ ਦਾ ਪ੍ਰਬੰਧ ਸਥਾਪਿਤ ਕਰਨਾ ਹੈ।[1]

ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਪੂੰਜੀਵਾਦੀ ਦੇਸ਼ਾਂ ਦੁਆਰਾ ਵਿਕਾਸ ਦੇ ਨਾਮ 'ਤੇ ਗਰੀਬ ਮੁਲਕਾਂ ਦੀ ਹੁੰਦੀ ਅੰਨ੍ਹੀ ਲੁੱਟ ਦਾ ਖੰਡਨ ਕਰਦੀ ਹੋਈ ਇਹਨਾਂ ਪੂੰਜੀਵਾਦੀ ਦੇਸ਼ਾਂ ਦੇ ਮਾਨਵ-ਵਿਰੋਧੀ ਕਿਰਦਾਰ ਨੂੰ ਜੱਗ ਜਾਹਰ ਕਰਦੀ ਹੈ। ਉਹ ਆਪਣੀ ਤਿੱਖੀ ਕਾਵਿ ਭਾਸ਼ਾ ਜ਼ਰੀਏ ਇਨ੍ਹਾਂ ਸਾਮਰਾਜੀ ਮੁਲਕਾਂ ਦੁਆਰਾ ਆਪਣੇ ਨਿੱਜੀ ਮੁਫ਼ਾਦਾਂ ਖਾਤਰ ਮਨੁੱਖਤਾ ਨੂੰ ਪਹੁੰਚਾਏ ਜਾਂਦੇ ਨੁਕਸਾਨ ਤੇ ਅੰਨ੍ਹੀ ਲੁੱਟ ਦੀ ਗੱਲ ਕਰਦਾ ਹੈ:

ਅਫ਼ਗਾਨਿਸਤਾਨ ਤੇ ਬੇਵਜਾਹ ਕਾਬੂ
ਲਿਬਨਾਨੀ ਸ਼ਹਿਰ ਫ਼ਲੂਜਾ ਉੱਤੇ
ਗਵਾਂਡੀ ਮੁਲਕ ਇਸਰਾਇਲ ਵੱਲੋਂ
ਹਵਾਈ ਹਮਲਾ
ਪਰਿਵਾਰਾਂ ਦੇ ਪਰਿਵਾਰ
ਪਲਾਂ ਛਿਣਾਂ ਵਿੱਚ
ਬੜੀਆਂ ਰੀਝਾਂ ਨਾਲ਼ ਬਣਾਏ
ਆਪਣੇ ਹੀ ਘਰਾਂ ਵਿੱਚ ਹੀ ਦਫ਼ਨ
ਘਰ ਕਿ ਕਬਰ
ਕੀ ਫ਼ਰਕ ਕੀ ਕਦਰ[2]

ਪੂੰਜੀਵਾਦੀ ਮੁਲਕਾਂ ਵੱਲੋਂ ਵਿਸ਼ਵੀਕਰਨ ਦੇ ਫ਼ੈਲਾਏ ਇਸ ਤਲਿਸਮੀ ਜਾਲ ਅੰਦਰ ਸਾਰੀ ਦੁਨੀਆਂ ਇਸ ਕਦਰ ਭ੍ਰਮਿਤ ਹੋ ਜਾਂਦੀ ਹੈ ਕਿ ਉਹ ਬੜੀ ਅਸਾਨੀ ਨਾਲ ਮੰਡੀ ਸੱਭਿਆਚਾਰ ਦਾ ਹਿੱਸਾ ਬਣਨ ਵੱਲ ਰੁਚਿਤ ਹੋ ਜਾਂਦੀ ਹੈ। ਮਨੁੱਖ ਅਤੇ ਵਸਤੂਆਂ ਦਾ ਰਿਸ਼ਤਾ ਦਵੰਦਾਤਮਿਕ ਹੈ। ਮਨੁੱਖ ਵਿੱਚ ਮੁੱਢ ਤੋਂ ਹੀ ਸੁਹਜ ਨੂੰ ਮਾਨਣ ਅਤੇ ਵਸਤੂਆਂ ਨੂੰ ਭੋਗਣ ਦੀ ਪ੍ਰਵਿਰਤੀ ਭਾਰੂ ਰਹੀ ਹੈ। ਪਿਛਲੇ ਸਮਿਆਂ ਦੌਰਾਨ ਮਨੁੱਖ ਆਪਣੀ ਲੋੜ ਅਨੁਸਾਰ ਵਸਤੂਆਂ ਪੈਦਾ ਕਰਦਾ ਸੀ ਪਰੰਤੂ ਵਿਸ਼ਵੀਕਰਨ ਦੀ ਅਜੋਕੀ ਵਪਾਰਕ ਮੰਡੀ ਦੀ ਇਸ

ਜਾਦੂਈ ਦੁਨੀਆਂ ਅੰਦਰ ਗਿਆਨ, ਤਕਨਾਲੋਜੀ, ਅਤੇ ਮੀਡੀਆ ਦੀ ਭਾਈਵਾਲੀ ਸਦਕਾ ਮਨੁੱਖ ਵਿੱਚ ਭੋਗਵਾਦੀ/ਖ਼ਪਤਵਾਦੀ ਰੂਚੀ ਨੂੰ ਪ੍ਰਚੰਡ ਕਰਕੇ ਵਿਕਸਿਤ/ਪੂੰਜੀਵਾਦੀ ਮੁਲਕ ਆਪਣੀਆਂ ਵਸਤੂਆਂ ਦੀ ਖ਼ਪਤ ਨੂੰ ਵਧਾਉਂਦੇ ਹਨ ਜਿਸਦੇ ਨਤੀਜੇ ਵਜੋਂ ਮਨੁੱਖ ਵਸਤੂਆਂ ਦੀ ਵਾਧੂ ਪੈਦਾਵਾਰ ਵਿੱਚੋਂ ਪੈਦਾ ਹੁੰਦੇ ਸੰਕਟਾਂ ਨਾਲ ਜੂਝਣ ਲੱਗਦਾ ਹੈ;

> ਪਾਰ ਰਾਸ਼ਟਰੀ ਸਰਮਾਏ ਅਤੇ ਗਿਆਨ ਦੇ ਤੇਜ਼ ਵਹਾ ਅੱਗੇ ਰਾਸ਼ਟਰੀ ਪ੍ਰਭੁਸੱਤਾ ਅਤੇ ਖੇਤਰੀ ਸਭਿਆਚਾਰ ਖ਼ੁਰ ਰਹੇ ਹਨ, ਸਰਮਾਇਆ, ਗਿਆਨ, ਮੰਡੀ, ਤਕਨਾਲੋਜੀ ਅਤੇ ਪਾਵਰ ਸਭ ਰਾਜਮੁਕਤ ਹੋ ਕੇ ਵਿਸ਼ਵ ਦੇ ਕੇਂਦਰੀਕ੍ਰਿਤ ਸੰਗਠਨ ਵਿਚ ਬੱਝ ਰਹੇ ਹਨ। ਸੱਭਿਆਚਾਰਕ ਉਤਪਾਦਨ ਦੇ ਖੇਤਰ ਵਿਚ ਮਨੁੱਖ ਜਾਤੀ ਦੀ ਸਾਂਝੀ ਅਤੇ ਸੰਗਠਿਤ ਸ਼ਮੂਲੀਅਤ ਪੈਦਾਵਾਰ ਅਤੇ ਖ਼ਪਤ ਵਿਚ ਵਾਧੇ ਅਸੀਮ ਸੰਭਾਵਨਾਵਾਂ ਪੈਦਾ ਕਰ ਦਿੰਦੀ ਹੈ। ਸੀਮਤ ਕੁਦਰਤੀ ਵਸੀਲਿਆਂ ਦੇ ਸ਼ੋਸ਼ਣ ਉੱਪਰ ਟਿਕਿਆ ਸਰਮਾਏਦਾਰੀ ਪ੍ਰਬੰਧ, ਇਸ ਵਿਸ਼ਵੀਕਰਨ ਰਾਹੀਂ, ਇਨ੍ਹਾਂ ਦੇ ਵਿਨਾਸ਼ ਨੂੰ ਬਹੁਤ ਨੇੜੇ ਲੈ ਆਉਂਦਾ ਹੈ।[3]

ਪਿਆਰਾ ਸਿੰਘ ਕੁੱਦੋਵਾਲ ਦੀ ਵਿਸ਼ਾਲ ਕਾਵਿ ਦ੍ਰਿਸ਼ਟੀ ਪੂੰਜੀਵਾਦੀ ਮੁਲਕਾਂ ਦੀਆਂ ਦੋਗਲੀਆਂ ਮਾਨਵ ਵਿਰੋਧੀ ਨੀਤੀਆਂ ਨੂੰ ਭੰਡਦੀ ਹੋਈ ਖ਼ੁਦ ਨੂੰ ਵਿਕਸਤ ਗਰਦਾਨਦੇ ਪੂੰਜੀਵਾਦੀ ਦੇਸ਼ਾਂ ਵਿਰੁੱਧ ਇੱਕ ਵਿਅੰਗਮਈ ਸੁਰ ਅਲਾਪਦੀ ਹੈ:

> ਚੰਗੀਆਂ ਭਲੀਆਂ ਚੀਜਾਂ
> ਚੁੱਕ ਚੁੱਕ ਸੁੱਟੀ ਜਾਂਦਾ
> ਮਹਿੰਗੇ ਸੂਟ
> ਮਹਿੰਗੀਆਂ ਪੈਂਟਾਂ
> ਮਹਿੰਗੀਆਂ ਸ਼ਰਟਾਂ ਪਾਂਦਾ
> ਇਕ ਦੋ ਧੋਆਂ ਬਾਅਦ
> ਮਨ ਉਹਦਾ ਅੱਕਲਾਂਦਾ

-----------------

ਉਹੀ ਕੱਪੜੇ

ਸੁੰਦਰ ਸੇਲਜ਼ ਗਰਲ ਦੀ

ਝੂਠੀ ਵਕਤੀ ਮਿੱਠੀ ਮੁਸਕਾਨ

ਝੂਠੇ ਵਕਤੀ ਮਿੱਠੇ ਬੋਲ

ਸੇਲ ਖਾਤਰ ਕੀਤੀਆਂ

ਝੂਠ ਅਦਾਵਾਂ ਦੇ

ਝਾਂਸੇ ਚੜ੍ਹਕੇ

ਉੱਚੀਆਂ ਕੀਮਤਾਂ

ਅਦਾ ਕਰਕੇ

ਉਹ ਘਰ ਲੈ ਆਂਦਾ"

ਸਾਮਰਾਜੀ ਮੁਲਕ ਖ਼ੁਦ ਨੂੰ ਭਾਵੇਂ ਕਿੰਨਾ ਵੀ ਵਿਕਸਿਤ ਤੇ ਬਾਕੀਆਂ ਨਾਲੋਂ ਬਿਹਤਰ ਸਮਝਦੇ ਹੋਣ ਪਰੰਤੂ ਅਸਲੀਅਤ ਕੁਝ ਹੋਰ ਹੀ ਹੈ ਜਿਸਦੀ ਪੇਸ਼ਕਾਰੀ ਪਿਆਰਾ ਸਿੰਘ ਕੁੱਦੋਵਾਲ ਆਪਣੀ ਸ਼ਾਇਰੀ ਅੰਦਰ ਕਰਦਾ ਹੈ। ਉਹ ਮੰਡੀ ਦੀ ਰਾਜਨੀਤੀ ਅਤੇ ਪ੍ਰਪੰਚਾਂ ਦਾ ਪਾਜ ਉਘੇੜ ਸੁੱਟਦਾ ਹੈ। ਉਸਦੀ ਰਚਨਾਕਾਰੀ ਦਾ ਇਹ ਹਾਸਲ ਹੈ ਕਿ ਉਹ ਵਿਸ਼ਵੀਕਰਨ ਦੀ ਆੜ ਵਿੱਚ ਅਤੇ ਪੂੰਜੀ ਇਕੱਤਰ ਕਰਨ ਦੀ ਅੰਨ੍ਹੀ ਬਜ਼ਾਰੂ ਪ੍ਰਵਿਰਤੀ ਅਧੀਨ ਪੂੰਜੀਵਾਦੀ ਦੇਸ਼ਾਂ ਦੀ ਪੂਰੀ ਦੁਨੀਆਂ ਤੇ ਬਣਾਈ ਸੱਭਿਆਚਾਰਕ ਧੌਂਸ ਅਤੇ ਅਮੀਰੀ ਦੀ ਫੋਕੀ ਦਿਖਾਵੇਬਾਜ਼ੀ ਦੇ ਪਾਜ ਉਧੇੜਦੀ ਹੈ:

ਸ਼ਾਮ ਢਲ ਰਹੀ ਹੈ

ਗੋਲਡਨ ਗੇਟ ਦੇ ਪਾਰ

ਸੂਰਜ ਸਮੁੰਦਰ ਵਿੱਚ

ਘੁਲ ਰਿਹਾ ਹੈ

ਸਮੁੰਦਰ ਵਿੱਚ

ਸੋਨਾ ਚਮਕ ਰਿਹਾ ਹੈ

ਲੋਕ ਆਪਣੀਆਂ ਕਾਰਾਂ ਵਿੱਚ

ਸੋਨਾ ਸਮੇਟ ਕੇ ਘਰਾਂ

ਵੱਲ ਪਰਤ ਰਹੇ ਹਨ

ਚੌਂਕਾਂ ਤੇ ਖੜੇ ਬੇਘਰ

ਔਰਤ ਮਰਦ ਬੱਚੇ

'ਕੁੱਝ ਦੇ ਮੰਗਦੇ'

ਠੰਡ ਵਿੱਚ ਠੁਰ-ਠੁਰ ਕਰਦੇ

'ਹੈਲਪ ਮੀ ਪਲੀਜ਼'

'ਐਮ ਹੋਮਲੈਸ'

--------------------

ਐਨੀ ਵੱਡੀ ਅਮੀਰੀ

ਜੋ ਤੀਜੀ ਦੁਨੀਆਂ ਦੇ ਮੁਲਕਾਂ ਵਿੱਚ

ਵਿਚਰਦੀ ਅਮੀਰੀ ਦਾ

ਮਜ਼ਾਕ ਉਡਾਵੇ

ਉਸਦੇ ਆਪਣੇ ਮੁਲਕ ਅੰਦਰ

ਹਰ ਦੂਜੇ ਚੌਂਕ ਤੇ

ਤੀਜੀ ਦੁਨੀਆਂ ਦੇ

ਮੰਗਤਿਆਂ ਵਰਗੇ ਮੰਗਤੇ

ਬੱਸ ਰੰਗ ਦੇ ਗੋਰੇ[5]

ਇਸ ਤਰ੍ਹਾਂ ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਵਿਸ਼ਵੀਕਰਨ ਦੀਆਂ ਵੱਖ-ਵੱਖ ਪਰਤਾਂ ਉਘਾੜਦੀ ਹੋਈ ਇਸ ਦੀ ਆਮਦ ਵਿੱਚੋਂ ਪੈਦਾ ਹੁੰਦੇ ਮਾਨਵ ਵਿਰੋਧੀ ਸੰਕਟਾਂ ਨੂੰ ਪੇਸ਼ ਕਰਦੀ ਹੋਈ ਇਸ

ਸਿਸਟਮ ਦੇ ਹਮਾਇਤੀ ਬਣੇ ਪੂੰਜੀਵਾਦੀ ਮੁਲਕਾਂ ਖਿਲਾਫ਼ ਇਕ ਪ੍ਰਤੀਰੋਧਕ ਸੁਰ ਅਪਣਾਉਂਦੀ ਹੈ। ਉਹ ਆਪਣੇ ਕਾਵਿ ਹਵਾਲਿਆਂ ਰਾਹੀਂ ਗਲੋਬਲ ਪਿੰਡ ਅੰਦਰਲੇ ਅਸਲ ਸੱਚ ਨੂੰ ਪ੍ਰਗਟ ਕਰ ਦਿੰਦਾ ਹੈ।

**ਰਾਜਨੀਤਿਕ ਸਰੋਕਾਰ**

ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਜਿੱਥੇ ਵਿਸ਼ਵੀਕਰਨ ਦੀ ਗੱਲ ਕਰਦੀ ਹੈ, ਉੱਥੇ ਨਾਲ ਹੀ ਉਸਦੀ ਕਵਿਤਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਪਰ ਫ਼ੈਲੀ ਫ਼ਿਰਕਾਪ੍ਰਸਤੀ ਦੇ ਨਾਂ ਤੇ ਫ਼ੈਲਾਏ ਆਤੰਕੀ ਮਾਹੌਲ ਵਿਰੁੱਧ ਵੀ ਆਪਣੀ ਆਵਾਜ਼ ਬੁਲੰਦ ਕਰਦੀ ਹੈ। ਰਾਜਨੀਤਿਕ ਦਲ ਸੱਤਾ ਉੱਪਰ ਕਾਬਜ਼ ਹੋਣ ਲਈ ਕਈ ਤਰ੍ਹਾਂ ਦੇ ਗ਼ੈਰ ਕਾਨੂੰਨੀ ਹੱਥਕੰਡੇ ਅਪਣਾਉਂਦੇ ਹੋਏ ਅਮਾਨਵੀ ਘਟਨਾਵਾਂ ਨੂੰ ਅੰਜ਼ਾਮ ਦਿੰਦੇ ਹਨ। ਆਪਣੇ ਅਖੌਤੀ ਸੱਤਾ ਦੇ ਪ੍ਰਪੰਚਾਂ ਦਾ ਝੰਡਾ ਬੁਲੰਦ ਕਰਨ ਲਈ ਉਹ ਆਤੰਕੀ ਗਤੀਵਿਧੀਆਂ ਨੂੰ ਅੰਜਾਮ ਦੇਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਹ ਦਹਿਸ਼ਤਗਰਦੀ ਦਾ ਆਲਮ ਸਿਰਜਕੇ ਆਪਣੀ ਸੱਤਾ ਦੀ ਲਾਲਸਾ ਵੱਸ ਪੂਰੀ ਮਨੁੱਖਤਾ ਨੂੰ ਨਫ਼ਰਤ ਦੀ ਅੱਗ ਵਿੱਚ ਝੋਕ ਦੇਣ ਵਰਗੀਆਂ ਗਤੀਵਿਧੀਆਂ ਨੂੰ ਅਮਲੀ ਜਾਮਾ ਪਹਿਨਾਉਂਦੇ ਹਨ। ਪਿਆਰਾ ਸਿੰਘ ਕੁੱਦੋਵਾਲ ਸੱਤਾ ਦੇ ਇਸ ਖ਼ੌਫ਼ਨਾਕ ਚਿਹਰੇ ਨੂੰ ਨੰਗਾ ਕਰਦਾ ਹੈ। ਉਹ ਆਪਣੀਆਂ ਕਵਿਤਾਵਾਂ ਦੀ ਸੁਰ ਨੂੰ ਪ੍ਰਚੰਡ ਕਰਦਾ ਹੋਇਆ ਸਮਾਜ ਵਿੱਚ ਫੈਲਾਈ ਜਾਂਦੀ ਇਸ ਦਹਿਸ਼ਤਗਰਦੀ ਤੇ ਬਦਅਮਨੀ ਦੇ ਖਿਲਾਫ਼ ਆਪਣਾ ਪ੍ਰਤੀਰੋਧ ਇਸ ਤਰ੍ਹਾਂ ਜ਼ਾਹਿਰ ਕਰਦਾ ਹੈ:

ਅਫ਼ਸਰ, ਨੇਤਾ, ਗੁੰਡੇ, ਲੁੱਟਦੇ ਜਨਤਾ ਨੂੰ
ਧੱਕੇਸ਼ਾਹੀ ਕਰਕੇ, ਬੇਪਰਵਾਹ ਗਈ ਦਹਿਸ਼ਤ।
ਪੁਲਿਸ, ਵਕੀਲ, ਦਲੀਲ, ਨਿਆਂ, ਦਾ ਬੌਣਾ ਕੱਦ
ਬੱਸਾਂ ਗੱਡੀਆਂ ਹੋਟਲਾਂ ਵਿੱਚ ਵੀ, ਛਾ ਗਈ ਦਹਿਸ਼ਤ।[6]

ਆਪਣੀ ਰਾਜ ਸੱਤਾ ਨੂੰ ਮਜ਼ਬੂਤ ਕਰਨ ਲਈ ਅਖੌਤੀ ਅਤੇ ਆਡੰਬਰੀ ਰਾਜਨੇਤਾ ਭੋਲੀ-ਭਾਲੀ ਜਨਤਾ ਨੂੰ ਮੂਰਖ ਬਣਾਉਂਦੇ ਹਨ। ਉਹ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਖ਼ਾਤਰ ਆਮ ਜਨਤਾ ਨੂੰ ਕਈ ਤਰ੍ਹਾਂ ਦੇ ਛੋਟੇ-ਛੋਟੇ ਲਾਲਚ ਦੇਕੇ ਜਾਂ ਤਾਕਤ ਦੇ ਬਲ 'ਤੇ ਕਾਬੂ ਵਿਚ ਰੱਖਦੇ ਹਨ। ਸੱਤਾ ਲੋਕਾਂ ਵਿਚੋਂ ਪ੍ਰਤੀਰੋਧਕ ਸਮਰੱਥਾ ਨੂੰ ਕਮਜ਼ੋਰ ਕਰਨ ਲਈ ਧਰਮ ਦਾ ਸਹਾਰਾ ਲੈਂਦੀ ਹੈ ਤੇ ਉਨ੍ਹਾਂ ਨੂੰ ਧਰਮ ਦੇ ਮਸਲਿਆਂ

ਵਿਚ ਉਲਝਾ ਕੇ ਆਪਣੀ ਸੱਤਾ ਨੂੰ ਬਣਾਈ ਰੱਖਦੀ ਹੈ। ਉਹ ਲੋਕਾਂ ਨੂੰ ਧਰਮ, ਜਾਤ, ਨਸਲ ਅਤੇ ਭਾਸ਼ਾ ਦੇ ਨਾਮ 'ਤੇ ਆਪਸ ਵਿੱਚ ਲੜਾਉਂਦੇ ਹਨ।

> "ਵਿਸ਼ਵ ਪੱਧਰ ਤੇ ਨਵ-ਪੂੰਜੀਵਾਦੀ ਚਿੰਤਨ ਨੇ ਜਿਥੇ ਹਾਸ਼ੀਆਗ੍ਰਸਤ ਮਜ਼ਦੂਰ ਜਮਾਤ ਦੇ ਬੁਨਿਆਦੀ ਸੰਕਟਾਂ, ਮਸਲਿਆਂ ਤੇ ਸਰੋਕਾਰਾਂ ਨੂੰ ਨਸਲ, ਜਾਤ, ਧਰਮ, ਜੈਂਡਰ, ਖੇਤਰੀ ਸਭਿਆਚਾਰਕ ਭੇੜ, ਸੰਸਕ੍ਰਿਤਕ ਹੋਂਦਾਂ ਦੇ ਨਵੀਨ ਬਣਾਉਟੀ ਸੰਕਟਾਂ ਵਿਚ ਤਬਦੀਲ ਕਰਨ ਲਈ ਸੁਚੇਤ ਪ੍ਰਯਤਨ ਆਰੰਭੇ ਹਨ ਉਥੇ ਇਸ ਚਿੰਤਨ ਨੇ ਬੁੱਧੀਜੀਵੀ ਵਰਗ ਵਿਚੋਂ ਹੀ ਸੱਤਾ ਦੇ ਪੁਰੋਹਿਤਾਂ ਦੀ ਨਵੀਨ ਫ਼ੌਜ ਵੀ ਤਿਆਰ ਕੀਤੀ ਹੈ।"[7]

ਸੱਤਾ ਦਾ ਅਜਿਹਾ ਗੈਰ ਜ਼ਿੰਮੇਵਾਰਾਨਾ ਵਿਹਾਰ ਮਾਨਵਤਾ ਲਈ ਬੜਾ ਘਾਤਕ ਸਿੱਧ ਹੁੰਦਾ ਹੈ। ਪਿਆਰਾ ਸਿੰਘ ਕੁੱਦੋਵਾਲ ਆਪਣੀਆਂ ਰਚਨਾਵਾਂ ਦੇ ਜ਼ਰੀਏ ਰਾਜਨੇਤਾਵਾਂ ਦੇ ਇਸ ਝੂਠੇ ਅਤੇ ਦੋਗਲੇ ਕਿਰਦਾਰਾਂ ਨੂੰ ਆਪਣੀ ਕਵਿਤਾ ਰਾਹੀਂ ਇਸ ਤਰ੍ਹਾਂ ਬੇਨਕਾਬ ਕਰਦਾ ਹੈ:

ਜੰਗਲ ਜੰਗਲ ਬਸਤੀ ਬਸਤੀ, ਗਾਹ ਗਈ ਦਹਿਸ਼ਤ
ਭਾਸ਼ਾ ਧਰਮ ਰੰਗ ਨਸਲ ਤੇ, ਛਾ ਗਈ ਦਹਿਸ਼ਤ।

ਹਿੰਦੂ ਮੁਸਲਿਮ ਸਿੱਖ ਈਸਾਈ, ਵੱਖਰੇ ਨਾ
ਬਿਨਾਂ ਵਿਤਕਰੇ ਮਾਰ, ਆਪਣੇ ਰਾਹ ਗਈ ਦਹਿਸ਼ਤ।

ਧਰਮ ਈਮਾਨ ਦੇ ਨਾਂ ਤੇ, ਕਤਲ ਜ਼ਮੀਰ ਕਰੇ
ਜ਼ਿੰਦਾ ਲਾਸ਼ਾਂ, ਮਾਨਵ ਬੰਬ, ਬਣਾ ਗਈ ਦਹਿਸ਼ਤ ।

ਬੰਬ ਗੋਲੀਆਂ ਖਾਵੇ, ਉੱਗਲੇ ਅੱਗ ਜ਼ਹਿਰੀ
ਪੈਟਰੋਲ ਕਦੇ ਬਾਰੂਦ ਵਿੱਚ, ਨਹਾ ਗਈ ਦਹਿਸ਼ਤ।[8]

ਰਾਜਨੀਤੀ ਦੇ ਗਲਿਆਰਿਆਂ ਵਿੱਚੋਂ ਨਿਕਲੀ ਫ਼ਿਰਕਾਪ੍ਰਸਤੀ ਦੀ ਅੱਗ ਧਾਰਮਿਕ ਰੰਗਣ ਚਾੜ੍ਹਦੀ ਹੋਈ ਹਰ ਘਰ ਨੂੰ ਤਬਾਹ ਕਰ ਦਿੰਦੀ ਹੈ। ਅਜਿਹੇ ਹਾਲਾਤਾਂ ਵਿੱਚ ਲੋਕ ਬੜੀ ਬੇਰਹਿਮੀ ਨਾਲ ਕਤਲ ਕਰ

ਦਿੱਤੇ ਜਾਂਦੇ ਹਨ। ਪੰਜਾਬ ਅਤੇ ਦਿੱਲੀ ਵਿੱਚ ਹੋਏ ਚੌਰਾਸੀ ਦੇ ਸਿੱਖ ਨਸਲਕੁਸ਼ੀ ਵਰਗੇ ਦਿਲ ਹਲੂਣਵੇਂ ਘਟਨਾਕ੍ਰਮ ਨੇ ਪੂਰੀ ਮਾਨਵਤਾ ਨੂੰ ਸ਼ਰਮਸਾਰ ਕੀਤਾ ਹੈ। ਹਜ਼ਾਰਾਂ ਹੀ ਨਿਰਦੋਸ਼ ਅਤੇ ਬੇਕਸੂਰ ਲੋਕਾਂ ਨੇ ਇਸ ਨਸਲੀ ਫ਼ਿਰਕਾਪ੍ਰਸਤੀ ਦੀ ਭੇਂਟ ਚੜ੍ਹ ਕੇ ਆਪਣੀਆਂ ਜਾਨਾਂ ਗਵਾਈਆਂ ਅਤੇ ਵੱਡੇ ਪੱਧਰ ਉੱਤੇ ਔਰਤਾਂ ਨਾਲ ਜਬਰ ਜਨਾਹ ਵਰਗੀਆਂ ਘਟਨਾਵਾਂ ਵਾਪਰੀਆਂ। ਕੁਦੋਵਾਲ ਆਪਣੀ ਸ਼ਾਇਰੀ ਰਾਹੀਂ ਇਸ ਦੁਖਾਂਤ ਨੂੰ ਡਾਹਢੀ ਕਰੁਣਾਮਈ ਸੁਰ ਵਿੱਚ ਪੇਸ਼ ਕਰਦਾ ਹੈ:

ਇੱਕ ਢਾਣੀ, ਆਪਣੇ ਹੀ, ਸ਼ਹਿਰ ਚਲੀ ਦੋਸਤੋ
ਅੱਗ ਅੱਗ ਖੇਡਦੀ, ਗਲੀ ਗਲੀ ਦੋਸਤੋ।

ਖਿੜ ਰਹੀ ਰਾਤ ਦੀ ਰਾਣੀ ਸੀ ਬੇਖ਼ਬਰ
ਰੁੱਤ ਐਸੀ, ਮਸਲ ਦਿੱਤੀ, ਹਰ ਕਲੀ ਦੋਸਤੋ।

ਜੰਮ ਨ ਦਏ ਕਿਤੇ, ਲੋਕਾਂ ਦਾ ਵਾਰਸ
ਪੇਟ ਤੋਂ ਸੀ, ਜੋ ਵੀ ਔਰਤ, ਦਲੀ ਦੋਸਤੋ[9]

ਪਿਆਰਾ ਸਿੰਘ ਕੁੱਦੋਵਾਲ ਆਪਣੇ ਕਾਵਿ ਰਾਹੀਂ ਸੱਤਾ ਦੀ ਸਥਾਪਤੀ ਖਾਤਰ ਕੀਤੇ ਜਾਂਦੇ ਮਾਨਵਤਾ ਦੇ ਖ਼ੂਨੀ ਨਰਸੰਘਾਰ ਲਈ ਜ਼ਿੰਮੇਵਾਰ ਧਿਰਾਂ ਦੇ ਕਿਰਦਾਰਾਂ ਨੂੰ ਬੇਨਕਾਬ ਕਰਦਾ ਹੈ। ਕਵੀ ਉਨ੍ਹਾਂ ਲੋਕਾਂ ਨੂੰ ਕਰੜੇ ਹੱਥੀ ਲੈਂਦਾ ਹੋਇਆ ਵਿਅੰਗ ਕੱਸਦਾ ਹੈ ਜਿਹੜੇ ਖ਼ੁਦ ਨੂੰ ਮਾਨਵ ਹਤੈਸ਼ੀ ਕਹਿਲਾਉਂਦੇ ਹਨ ਜਦਕਿ ਉਨ੍ਹਾਂ ਦੀ ਅਸਲੀਅਤ ਸੱਤਾ ਦੀ ਪ੍ਰਾਪਤੀ ਲਈ ਆਮ ਮਨੁੱਖ ਦੀ ਬਲੀ ਚੜ੍ਹਾਉਣਾ, ਮਨੁੱਖਤਾ ਨੂੰ ਭ੍ਰਮਿਤ ਕਰਕੇ ਆਪਣੇ ਨਿੱਜੀ ਮੁਫ਼ਾਦਾਂ ਖਾਤਰ ਉਨ੍ਹਾਂ ਦਾ ਸ਼ੋਸ਼ਣ ਕਰਨਾ, ਧਾਰਮਿਕ ਸੰਕੀਰਣਤਾ ਦਾ ਲਾਹਾ ਲੈ ਕੇ ਫ਼ਿਰਕਾਪ੍ਰਸਤੀ ਫ਼ੈਲਾਉਣਾ ਅਤੇ ਮਾਨਵ ਹਿਤੈਸ਼ੀ ਸੱਤਾ ਦਾ ਝੂਠਾ ਆਡੰਬਰ ਸਿਰਜਕੇ ਆਮ ਲੋਕਾਂ ਨੂੰ ਭੜਕਾ ਕੇ ਉਹ ਸਿਰਫ਼ ਸੱਤਾ ਦੀ ਸਥਾਪਤੀ ਲਈ ਚਾਰੇ ਪਾਸੇ ਡਰ ਅਤੇ ਆਤੰਕ ਦਾ ਮਾਹੌਲ ਸਿਰਜਦੇ ਹਨ। ਕਵੀ ਸਮਾਜ ਅੰਦਰ ਅਰਾਜਕਤਾ ਫ਼ੈਲਾਉਣ ਵਾਲੀਆਂ ਇੰਨ੍ਹਾਂ ਤਾਕਤਾਂ ਦਾ ਵਿਰੋਧ ਲਿਖਦਾ ਹੈ:-

ਜਦ ਵੀ ਸਥਾਪਤੀ
ਨਫ਼ਰਤ ਦੀ ਅੱਗ ਵਿੱਚ ਸੜ

ਅੱਗਾਂ ਲਾਉਂਦੀ

ਲੁੱਟਾਂ ਮਚਾਉਂਦੀ

ਡਰਾਉਂਦੀ ਧਮਕਾਉਂਦੀ

ਤਾਂ ਥਾਂ ਥਾਂ

ਬਹੁਗਿਣਤੀ ਅੱਖਾਂ ਵਿੱਚ

ਸ਼ੋਅਲੇ ਲੈ

ਸਥਾਪਤੀ ਦੇ ਹੱਕ ਵਿੱਚ

ਨਾਅਰੇ ਭਰਦੀ ਨਜਰ ਆਵੇ

ਘੱਟ ਗਿਣਤੀ ਡਰਾਵੇ[10]

ਅੰਤਰਰਾਸ਼ਟਰੀ ਪੱਧਰ ਉੱਤੇ ਫ਼ੈਲਾਈ ਗਈ ਹਿੰਸਾ ਦੀ ਦਹਿਸ਼ਤ ਵੀ ਕਵੀ ਦੀਆਂ ਨਜ਼ਰਾਂ ਤੋਂ ਓਝਲ ਨਹੀਂ ਰਹੀ। ਉਸਦੀ ਕਵਿਤਾ ਕੇਵਲ ਰਾਸ਼ਟਰੀ ਪੱਧਰ ਉੱਪਰ ਫ਼ੈਲੀ ਫ਼ਿਰਕਾਪ੍ਰਸਤੀ ਦੀ ਹੀ ਗੱਲ ਨਹੀਂ ਕਰਦੀ ਸਗੋਂ ਇਹ ਕਵਿਤਾ ਸਮੁੱਚੇ ਵਿਸ਼ਵ ਵਿੱਚ ਪਸਰੇ ਦਹਿਸ਼ਤਗਰਦੀ ਦੇ ਆਲਮ ਪ੍ਰਤੀ ਡੂੰਘੀ ਚਿੰਤਾ ਵਿਅਕਤ ਕਰਦੀ ਹੈ। ਕਵੀ ਅਮਰੀਕਾ ਦੀ ਵਪਾਰਕ ਸੰਸਥਾ 'ਵਰਲਡ ਟਰੇਡ ਸੈਂਟਰ' ਉੱਪਰ ਹੋਏ ਆਤੰਕੀ ਹਮਲੇ ਅਤੇ ਉਸ ਹਮਲੇ ਵਿੱਚ ਮਾਰੇ ਗਏ ਲੋਕਾਂ ਤੇ ਗਹਿਰਾ ਦੁੱਖ ਪ੍ਰਗਟ ਕਰਦਾ ਹੈ। ਉਹ ਸਿਰਫ਼ ਇਸ ਘਟਨਾ ਤੇ ਦੁੱਖ ਹੀ ਪ੍ਰਗਟ ਨਹੀਂ ਕਰਦਾ ਸਗੋਂ ਇਸਦੇ ਕਾਰਨਾਂ ਦੀ ਤਲਾਸ਼ ਵੀ ਕਰਦਾ ਹੈ। ਇਸ ਸੰਦਰਭ ਵਿੱਚ ਉਸਦੀ ਕਵਿਤਾ 'ਵਰਲਡ ਟਰੇਡ ਸੈਂਟਰ' ਨੂੰ ਵਿਚਾਰਿਆ ਜਾ ਸਕਦਾ ਹੈ:

ਨਿਊਯਾਰਕ ਵਰਲਡ ਟਰੇਡ ਸੈਂਟਰ ਦੇ ਟਾਵਰ,

ਯੂ ਐੱਸ ਏ ਦੀ ਸ਼ਕਤੀ ਦਾ ਪ੍ਰਮਾਣ।

ਸੁਡੌਲ ਸਜੀਵ ਮੂਰਤ ਆਧੁਨਿਕ ਸੋਚ ਦੀ,

ਹੁਸਨ ਧਰਤੀ ਦਾ ਛੂੰਹਦੇ ਅਸਮਾਨ।

ਜਾਤਾਂ ਨਸਲਾਂ ਰੰਗਾਂ ਦਾ ਸਨ ਇੱਕ ਕੋਲਾਜ਼,

ਅਣਗਿਣਤ ਬੋਲੀਆਂ, ਪਰ ਇੱਕ ਜੁਬਾਨ।

ਜੋ ਕੱਲ ਤੱਕ, ਸੁੰਦਰ ਬੇਮਿਸਾਲ ਬੁਲੰਦ ਸਨ,

ਢਹਿ ਕੇ ਰਹਿ ਗਏ, ਯਾਦਾਂ ਦਾ ਕਬਰਸਤਾਨ[11]

ਕਵੀ ਆਪਣੀਆਂ ਇਨ੍ਹਾਂ ਕਵਿਤਾਵਾਂ ਦੇ ਰਾਹੀਂ ਜਿੱਥੇ ਇਸ ਆਤੰਕੀ ਹਮਲੇ ਦੀ ਨਿੰਦਿਆ ਕਰਦਾ ਹੋਇਆ ਦੁੱਖ ਪ੍ਰਗਟ ਕਰਦਾ ਹੈ ਉੱਥੇ ਹੀ ਉਹ ਇਸ ਘਟਨਾ ਤੋਂ ਬਾਅਦ ਉੱਥੋਂ ਦੇ ਜ਼ਹੀਨ ਅਤੇ ਪੜ੍ਹੇ ਲਿਖੇ ਲੋਕਾਂ ਵੱਲੋਂ ਆਪਣੀ ਧਾਰਮਿਕ ਸੰਕੀਰਣਤਾ ਕਾਰਣ ਮੁਸਲਿਮ ਭਾਈਚਾਰੇ ਉੱਪਰ ਨਿੱਤ ਦਿਨ ਹੁੰਦੇ ਖ਼ੂਨੀ ਹਮਲਿਆਂ ਦੀ ਨਿਖੇਧੀ ਵੀ ਕਰਦਾ ਹੈ। ਅਜੋਕੇ ਰਾਜਨੀਤਿਕ ਦਲਾਂ ਅਤੇ ਧਾਰਮਿਕ ਸੰਸਥਾਵਾਂ ਦੀ ਪੂੰਜੀਵਾਦੀ ਤਾਕਤਾਂ ਨਾਲ ਭਾਈਵਾਲੀ ਸਦਕਾ ਮਨੁੱਖੀ ਚੌਗਿਰਦੇ ਅੰਦਰ ਇੱਕ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਜਿੱਥੇ ਮਨੁੱਖੀ ਮਾਨਸਿਕਤਾ ਨੂੰ ਖ਼ਪਤਵਾਦੀ ਪ੍ਰਵਿਰਤੀ ਦੀ ਚੇਟਕ ਲਾਉਣ ਲਈ ਦਿਲਕਸ਼ ਅਤੇ ਤਲਿੱਸਮੀ ਵਸਤੂਆਂ ਪੈਦਾ ਕੀਤੀਆਂ ਜਾਂਦੀਆਂ ਹਨ। ਰਾਜ ਨੇਤਾਵਾਂ ਅਤੇ ਧਾਰਮਿਕ ਸੰਸਥਾਵਾਂ ਦੀ ਮਿਲੀਭੁਗਤ ਨੇ ਹਮੇਸ਼ਾ ਹੀ ਧਰਮ ਦੀ ਪਰਿਭਾਸ਼ਾ ਨੂੰ ਆਪਣੇ ਅਨੁਸਾਰੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਕਲਮ ਓਸ ਵੇਲੇ ਕਰੁਣਾਮਈ ਸੁਰ ਦਾ ਆਲਾਪ ਕਰਦੀ ਹੈ ਜਦੋਂ ਉਹ ਪੂਰੇ ਵਿਸ਼ਵ ਅੰਦਰ ਮਾਨਵਤਾ ਤੇ ਸ਼ਾਂਤੀ ਦਾ ਸੰਦੇਸ਼ ਪਹੁੰਚਾਉਣ ਵਾਲੇ ਧਰਮ ਦੇ ਅਲੰਬਰਦਾਰਾਂ ਹੱਥੋਂ ਕੁਰਾਨ ਸਾੜੇ ਜਾਣ ਦੀ ਖ਼ਬਰ ਸੁਣਦਾ ਹੈ। ਉਹ ਉਨ੍ਹਾਂ ਨਕਾਰਾਤਮਕ ਪਹਿਲੂਆਂ ਦੀ ਸ਼ਨਾਖ਼ਤ ਕਰਦਾ ਹੈ ਜਿਹੜੇ ਧਰਮ ਦਾ ਨਿੱਜੀ ਤੌਰ 'ਤੇ ਫਾਇਦਾ ਚੁੱਕਦੇ ਹੋਏ ਆਪਣੇ ਮਕਸਦ ਜਾਂ ਕੱਟੜਪੰਥੀ ਸੋਚ ਦਾ ਪ੍ਰਚਾਰ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ;

> ਜਿਵੇਂ ਵਿਸ਼ਵੀਕਰਨ ਦੇ ਨਵ-ਬਸਤੀਵਾਦੀ ਪ੍ਰਵਚਨਾਂ ਨੇ ਸਥਾਨਕ/ਕੌਮੀ ਪਛਾਣਾਂ ਲਈ ਸੰਕਟ ਖੜ੍ਹੇ ਕੀਤੇ ਹਨ, ਉਸੇ ਤਰ੍ਹਾਂ ਭਾਰਤੀ ਸੰਦਰਭ ਵਿਚ ਸੱਭਿਆਚਾਰਕ ਰਾਸ਼ਟਰਵਾਦ ਦੇ ਰੁਝਾਨ ਨੇ ਘੱਟ ਗਿਣਤੀਆਂ (ਐਥਨਿਕ/ਭਾਸ਼ਾਈ ਧਾਰਮਿਕ ਘੱਟ ਗਿਣਤੀਆਂ) ਦੀ ਸਭਿਆਚਾਰਕ ਆਭਾ ਅੱਗੇ ਸੁਆਲੀਆ ਨਿਸ਼ਾਨ ਲਾ ਦਿੱਤੇ ਹਨ। ਘੱਟ ਗਿਣਤੀਆਂ ਦੀ ਪਛਾਣ ਦਾ ਮਸਲਾ ਭਾਰਤੀ ਸਿਆਸਤ ਦਾ ਸਭ ਤੋਂ ਸੰਵੇਦਨਸ਼ੀਲ ਮਸਲਾ ਹੈ। ਨਿਰੰਤਰ

ਵੱਧ ਰਹੇ ਸੰਪਰਦਾਇਕ ਤਣਾਉ ਨੇ ਭਾਰਤੀ ਲੋਕਤੰਤਰ ਦੀ ਸਾਰਥਿਕਤਾ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਪ੍ਰਸ਼ਨ ਨੂੰ ਫੈਸਲਾਕੁਨ ਸਥਿਤੀ ਤੱਕ ਪਹੁੰਚਾ ਦਿੱਤਾ ਹੈ। ਸਿਆਸਤ, ਧਰਮ ਅਤੇ ਮਾਫ਼ੀਆ ਦੇ ਨਾਪਾਕ ਗੱਠਜੋੜ ਕਾਰਨ ਸਥਿਤੀ ਵਿਸਫ਼ੋਟਕ ਬਣੀ ਹੋਈ ਹੈ।[12]

ਕਵੀ ਧਰਮ ਨਿਰਪੱਖ ਦ੍ਰਿਸ਼ਟੀ ਦਾ ਧਾਰਨੀ ਹੈ। ਸ਼ਾਇਰ ਰੱਬ ਦੇ ਅਸਤਿਤਵ ਵਿੱਚ ਯਕੀਨ ਰੱਖਦਾ ਹੋਇਆ ਉਸਦੀ ਸਰਵਉੱਚਤਾ ਨੂੰ ਪ੍ਰਵਾਨ ਕਰਦਾ ਹੈ:

ਸੂਲੀ ਨੂੰ
ਗਲ ਵਿੱਚ ਪਾ ਕੇ
ਰੱਬ ਦਾ ਹੀ ਪੈਰੋਕਾਰ ਇੱਕ
ਰੱਬ ਦੇ ਨੂਰ ਨੂੰ
ਸਾੜਨ ਦਾ ਕੋਹਝਾ ਐਲਾਨ ਕਰਦਾ ਹੈ
ਸਾੜੇਗਾ ਚੌਰਾਹੇ 'ਚ
ਕੁਰਾਨ-ਏ-ਪਾਕ ?
ਕੀ ਮਜਾਲ ਉਸਦੀ ਹੈ !!
ਨਾ ਅੱਲ੍ਹਾ ਹੀ ਸੜ੍ਹਦਾ ਹੈ
ਨਾ ਇਸਲਾਮ ਮਰਦਾ ਹੈ[13]

ਸੰਵੇਦਨਸ਼ੀਲ ਕਵੀ ਦਾ ਮਨ ਡਾਹਢੀ ਪੀੜਾ ਨਾਲ ਓਸ ਵੇਲੇ ਕੁਰਲਾ ਉੱਠਦਾ ਹੈ ਜਦੋਂ ਸ਼ਾਂਤ ਅਤੇ ਖੁਸ਼ਹਾਲ ਜੀਵਨ ਦਾ ਅਨੰਦ ਮਾਣ ਰਹੇ ਲੋਕ ਅਚਾਨਕ ਹੀ ਬੰਬਾਂ, ਗੋਲੀਆਂ, ਫ਼ਿਰਕਾਪ੍ਰਸਤੀ, ਆਤੰਕਵਾਦ ਦਾ ਸ਼ਿਕਾਰ ਹੋ ਜਿਹਾਦ ਦੇ ਨਾਂ ਉੱਪਰ ਹੁੰਦੇ ਇੰਨ੍ਹਾਂ ਆਤੰਕੀ ਹਮਲਿਆਂ ਵਿੱਚ ਮਾਰੇ ਜਾਂਦੇ ਹਨ। ਪਿਆਰਾ ਸਿੰਘ ਕੁੱਦੋਵਾਲ ਵੀ ਇੱਕ ਅਜਿਹਾ ਹੀ ਸੰਵੇਦਨਸ਼ੀਲ ਸ਼ਾਇਰ ਹੈ ਜਿਸਦੀ ਕਲਮ ਮਨੁੱਖਤਾ ਉੱਪਰ ਹੁੰਦੇ ਅਜਿਹੇ ਘਾਤਕ ਅਤੇ ਆਤੰਕੀ ਹਮਲਿਆਂ ਦੀ ਨਿਖੇਧੀ ਕਰਦੀ ਹੋਈ ਇੰਨ੍ਹਾਂ ਵਿੱਚੋਂ ਪੈਦਾ ਹੁੰਦੇ ਡੂੰਘੇ ਸੰਕਟਾਂ ਪ੍ਰਤੀ ਡਾਹਢਾ ਦੁੱਖ ਪ੍ਰਗਟ ਕਰਦੀ ਹੈ।

### ਸਿੱਖ ਨਸਲਕੁਸ਼ੀ ਦਾ ਦੁਖਾਂਤ

1947 ਦੀ ਵੰਡ ਨੇ ਭਾਰਤ ਨੂੰ ਦੋ ਟੋਟਿਆਂ ਅੰਦਰ ਵਿਭਾਜਤ ਕਰ ਦਿੱਤਾ ਜਿਸਦੇ ਸਿੱਟੇ ਵਜੋਂ ਭਾਰਤ ਵਿੱਚ ਫਿਰਕਾਪ੍ਰਸਤੀ ਦਾ ਮਾਹੌਲ ਪੈਦਾ ਹੋ ਗਿਆ। ਪਾਕਿਸਤਾਨ ਬਣਨ ਤੋਂ ਬਾਅਦ ਮੁਸਲਿਮ ਭਾਈਚਾਰੇ ਨੂੰ ਨਾ ਚਾਹੁੰਦਿਆਂ ਵੀ ਪਾਕਿਸਤਾਨ ਵੱਲ ਹਿਜ਼ਰਤ ਕਰਨੀ ਪਈ ਅਜਿਹੇ ਵੇਲੇ ਹੀ ਪੰਜਾਬ ਵੱਲੋਂ ਵੀ ਇਕ ਵੱਖਰੇ ਸੂਬੇ ਲਈ ਮੰਗ ਉਠਾਈ ਗਈ। ਭਾਰਤ ਦੀ ਹੋਈ ਇਸ ਵੰਡ ਨੇ ਫ਼ਿਰਕਾਪ੍ਰਸਤੀ ਦਾ ਰੂਪ ਧਾਰ ਲਿਆ। ਲੋਕਾਂ ਦੇ ਸੀਨਿਆਂ ਵਿੱਚ ਪਲ ਰਹੀ ਨਫ਼ਰਤ ਨੇ ਮਨੁੱਖਤਾ ਨੂੰ ਇਸ ਕਦਰ ਲਹੂ ਲੁਹਾਨ ਕਰ ਦਿੱਤਾ ਕਿ ਮਨੁੱਖ ਨੂੰ ਮਨੁੱਖ ਹੀ ਨਹੀਂ ਸਮਝਿਆ ਗਿਆ। ਭਾਰਤ ਵਿੱਚ ਵਸਦੇ ਮੁਸਲਿਮ ਭਾਈਚਾਰੇ ਨੂੰ ਪ੍ਰਤਾੜਿਤ ਕੀਤਾ ਗਿਆ। ਹਜ਼ਾਰਾਂ ਹੀ ਮਾਸੂਮ ਲੋਕਾਂ ਦਾ ਕਤਲ ਕੀਤਾ ਗਿਆ। ਔਰਤਾਂ ਅਤੇ ਬੱਚਿਆਂ ਤੱਕ ਨੂੰ ਬਖ਼ਸ਼ਿਆ ਨਹੀਂ ਸੀ ਗਿਆ ਵੰਡ ਤੋਂ ਪਹਿਲਾਂ ਪਾਕਿਸਤਾਨ ਦੇ ਇਲਾਕੇ ਅੰਦਰ ਰਹਿ ਰਹੇ ਸਿੱਖਾਂ ਤੇ ਹਿੰਦੂਆਂ ਨਾਲ ਵੀ ਅਜਿਹਾ ਹੀ ਕੁਝ ਵਾਪਰਿਆ।

ਭਾਰਤ ਵਿੱਚ ਹੋਈ ਚੌਰਾਸੀ ਦੀ ਸਿੱਖ ਨਸਲਕੁਸ਼ੀ ਦਾ ਮੰਜ਼ਰ ਵੀ ਕੁਝ ਭਾਰਤ ਦੀ ਵੰਡ ਵਰਗਾ ਹੀ ਸੀ। ਦਰਬਾਰ ਸਾਹਿਬ (Golden Temple) ਤੇ ਹੋਈ ਫ਼ੌਜੀ ਕਾਰਵਾਈ ਨੇ ਸਾਰੀ ਸਿੱਖ ਕੌਮ ਨੂੰ ਧੁਰ ਅੰਦਰ ਤੱਕ ਹਲੂਣ ਕੇ ਰੱਖ ਦਿੱਤਾ। ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸਦੇ ਦੋ ਸਿੱਖ ਸੁਰੱਖਿਆ ਕਰਮੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਤੋਂ ਬਾਅਦ ਪੂਰੇ ਭਾਰਤ ਅੰਦਰ ਜਿੱਥੇ ਕਿਤੇ ਵੀ ਸਿੱਖ ਕੌਮ ਨਿਵਾਸ ਕਰਦੀ ਸੀ ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਸਿੱਖਾਂ ਦੇ ਗਲਾਂ ਵਿੱਚ ਬਲਦੇ ਹੋਏ ਟਾਇਰ ਪਾ ਕੇ ਸਾੜਿਆ ਗਿਆ। ਔਰਤਾਂ ਨਾਲ ਜਬਰ ਜਨਾਹ ਵਰਗੀਆਂ ਅਮਾਨਵੀ ਘਟਨਾਵਾਂ ਵਾਪਰੀਆਂ। ਦਿੱਲੀ ਅੰਦਰ ਵੱਡੀ ਗਿਣਤੀ ਵਿੱਚ ਨਿਵਾਸ ਕਰਦਾ ਸਿੱਖ ਭਾਈਚਾਰਾ ਆਪਣੇ ਘਰ ਬਾਰ ਛੱਡ ਕੇ ਭੱਜਣ ਲਈ ਮਜਬੂਰ ਹੋ ਗਿਆ।

ਪਿਆਰਾ ਸਿੰਘ ਕੁੱਦੋਵਾਲ ਆਪਣੀਆਂ ਕਵਿਤਾਵਾਂ ਦੇ ਜ਼ਰੀਏ ਸਿੱਖ ਨਸਲਕੁਸ਼ੀ ਦੇ ਉਸ ਘਟਨਾਕ੍ਰਮ ਦਾ ਦਿਲ ਕੰਬਾਊ ਵਰਣਨ ਪੇਸ਼ ਕਰਦਾ ਹੈ ਜਦੋਂ ਸਿੱਖ ਕੌਮ ਨੂੰ ਆਪਣੀ ਹੋਂਦ ਬਚਾਈ ਰੱਖਣ ਲਈ ਡੂੰਘੇ ਮਾਨਸਿਕ ਸੰਕਟ ਦਾ ਸ਼ਿਕਾਰ ਹੋਣਾ ਪਿਆ। ਸ਼ਾਇਰ ਆਪਣੀ ਕਵਿਤਾ ਵਿੱਚ ਉਨ੍ਹਾਂ ਦੰਗਈ ਕਿਸਮ ਦੇ ਲੋਕਾਂ

ਉੱਪਰ ਤਿੱਖੀ ਕਾਵਿ ਭਾਸ਼ਾ ਰਾਹੀਂ ਪਰਹਾਰ ਕਰਦਾ ਹੈ ਜਿਨ੍ਹਾਂ ਨੇ ਇਸ ਨਸਲਕੁਸ਼ੀ ਨੂੰ ਅੰਜਾਮ ਦੇ ਕੇ ਆਪਣੀ ਫ਼ਿਰਕੂ ਮਾਨਸਿਕ ਸੋਚ ਦਾ ਖੁੱਲ੍ਹੇਆਮ ਪ੍ਰਦਰਸ਼ਨ ਕੀਤਾ।

ਅੱਤ ਜਨੂੰਨੀ, ਕੱਟਰਪੰਥੀ, ਦਹਿਸ਼ਤਗਰਦ
ਦੁਸ਼ਮਣ ਮਾਨਵਤਾ ਦੇ, ਕਿਤੇ ਵੀ ਰਹਿੰਦੇ ਨੇ।
ਰੋਜ਼ ਰਾਤ ਨੂੰ, ਪਿੰਡ ਵੀ ਜੰਗਲ ਬਣ ਜਾਂਦਾ
ਤ੍ਰਿਆਸੀ ਤੋਂ ਤਿਰਾਨਵੇਂ, ਤੀਕਰ ਕਹਿੰਦੇ ਨੇ।
ਰਹਿਬਰ ਅੱਜ ਕੱਲ੍ਹ, ਭੁੱਲ ਬੈਠੇ ਨੇ ਰਾਹਬਰੀ
ਬੰਦਿਆਂ ਅੰਦਰ ਬੈਠੇ, ਝੋਟੇ ਖਹਿੰਦੇ ਨੇ।[14]

ਪਿਆਰਾ ਸਿੰਘ ਕੁੱਦੋਵਾਲ ਸਿੱਖ ਫ਼ਲਸਫੇ ਅਤੇ ਰਹਿਤ ਮਰਿਆਦਾ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਉਹ ਸਿੱਖ ਗੁਰੂਆਂ ਵੱਲੋਂ ਚਲਾਏ ਗਏ ਧਰਮ ਦੇ ਰਸਤੇ ਉੱਪਰ ਚੱਲਣ ਨੂੰ ਤਰਜੀਹ ਦਿੰਦਾ ਹੈ। ਕਵੀ ਸਿੱਖ ਗੁਰੂਆਂ ਦੀ ਲਾਸਾਨੀ ਸ਼ਹਾਦਤ ਨੂੰ ਨਤਮਸਤਕ ਹੁੰਦਾ ਹੈ ਅਤੇ ਉਨ੍ਹਾਂ ਦੇ ਕੁਰਬਾਨੀ ਭਰਪੂਰ ਇਤਿਹਾਸ ਦਾ ਸਮਰਣ ਕਰਦਾ ਹੋਇਆ ਫਖ਼ਰ ਮਹਿਸੂਸ ਕਰਦਾ ਹੈ। ਉਹ ਚੌਰਾਸੀ ਵਿੱਚ ਮਾਰੇ ਗਏ ਸਿੱਖ ਪਰਿਵਾਰਾਂ ਲਈ ਡੂੰਘੀ ਅੰਤਰ ਵੇਦਨਾ ਜਾਹਰ ਕਰਦਾ ਹੋਇਆ ਸਿੱਖ ਨਸਲਕੁਸ਼ੀ ਨੂੰ ਅੰਜ਼ਾਮ ਦੇਣ ਵਾਲੇ ਦੋਸ਼ੀਆਂ ਨੂੰ ਵੰਗਾਰਦਾ ਹੈ:

ਗਲ ਮੇਰੇ ਵਿੱਚ ਟਾਇਰ ਪਾ, ਮੈਨੂੰ ਜਲਾ ਰਹੇ ਓ
ਸ਼ਹਾਦਤ ਦੇ ਪਰਵਾਨਿਆਂ ਲਈ, ਲਾਟ ਬਲ ਰਹੀ ਹੈ।
ਨੀਤੀ ਚਲਾ ਕੇ ਹਾਰੇ, ਤੋਪਾਂ ਚਲਾ ਕੇ ਹਾਰੇ
ਪਰ ਕੌਮ ਮੇਰੀ, ਕੁਰਬਾਨੀ ਦੀ, ਨਸਲ ਰਹੀ ਹੈ।[15]

ਸੋ, ਇਸ ਪ੍ਰਕਾਰ ਪਿਆਰਾ ਸਿੰਘ ਕੁੱਦੋਵਾਲ ਸਿੱਖ ਨਸਲਕੁਸ਼ੀ ਦਾ ਕਰੂਰ ਯਥਾਰਥ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕਰਦਾ ਹੈ। ਉਹ ਇਸ ਅਮਾਨਵੀ ਦੁਖਾਂਤ ਵਿੱਚੋਂ ਪੈਦਾ ਹੋਏ ਗਹਿਰੇ ਸੰਕਟ ਲਈ ਜਿੰਮੇਵਾਰ ਧਿਰਾਂ ਦੇ ਰੋਲ ਨੂੰ ਵੀ ਬੇਨਕਾਬ ਕਰਦਾ ਹੈ।

## ਨਾਰੀ ਸਰੋਕਾਰ

ਨਾਰੀਵਾਦ ਆਧੁਨਿਕ ਚਿੰਤਨ ਤੇ ਸਾਹਿਤ ਦਾ ਇਕ ਚਰਚਿਤ ਮਸਲਾ ਹੈ। ਵੀਂਹਵੀਂ ਸਦੀ ਦੀ ਸ਼ੁਰੂਆਤ ਵਿੱਚ ਨਾਰੀਵਾਦੀ ਚਿੰਤਨ ਵੱਡੇ ਪੱਧਰ ਉੱਤੇ ਸਾਹਮਣੇ ਆਉਂਦਾ ਹੈ। ਪੱਛਮੀ ਨਾਰੀਵਾਦੀ ਚਿੰਤਕ ਜਿਵੇਂ ਸਿਮੋਨ ਦਾ ਬੂਵਾਰ, ਐਲਨ ਸਿਕਸੂ, ਕੇਟ ਮਿਲੇਟ, ਵਰਜੀਨੀਆ ਵੂਲਫ਼ ਆਦਿ ਨੇ ਸਮਾਜ ਵਿੱਚ ਔਰਤ ਦੇ ਅਸਤਿਤਵ ਨਾਲ ਜੁੜੇ ਗੰਭੀਰ ਕਿਸਮ ਦੇ ਮਸਲਿਆਂ ਨੂੰ ਸਮਝਣ ਲਈ ਕਈ ਨਵੀਆਂ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਅੰਤਰ ਦ੍ਰਿਸ਼ਟੀਆਂ ਨੇ ਨਾ ਕੇਵਲ ਔਰਤ ਦੇ ਵਿਵਹਾਰਕ ਜੀਵਨ ਨੂੰ ਸਮਝਣ ਵਿੱਚ ਹੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸਗੋਂ ਸਾਹਿਤ ਦਾ ਨਾਰੀਵਾਦੀ ਪਰਿਪੇਖ ਤੋਂ ਅਧਿਐਨ ਕਰਨ ਲਈ ਮੱਦਦਗਾਰ ਵੀ ਸਾਬਤ ਹੋਈਆਂ।

ਔਰਤ ਬੜੇ ਲੰਮੇ ਸਮੇਂ ਤੋਂ ਮਰਦ ਪ੍ਰਧਾਨ ਸੱਤਾ ਦੀ ਗੁਲਾਮ ਰਹੀ ਹੈ। ਜਗੀਰੂ ਤੇ ਰੂੜ੍ਹੀਵਾਦੀ ਕਦਰਾਂ ਕੀਮਤਾਂ ਦੇ ਜੂਲੇ ਹੇਠ ਔਰਤ ਦੀ ਆਪਣੀ ਕੋਈ ਵਿਸ਼ੇਸ਼ ਪਹਿਚਾਣ ਨਹੀਂ ਬਣ ਸਕੀ। ਸਮੁੱਚੇ ਵਿਸ਼ਵ ਦੇ ਪ੍ਰਸੰਗ ਵਿੱਚ ਨਾਰੀ ਦਾ ਜੇਕਰ ਮੁਲਾਂਕਣ ਕੀਤਾ ਜਾਵੇ ਤਾਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਮਨੁੱਖੀ ਸਮਾਜ ਦੇ ਮੁੱਢ ਤੋਂ ਹੀ ਔਰਤ ਮਰਦ ਦੀ ਗੁਲਾਮੀ ਹੇਠ ਜੀਵਨ ਬਸ਼ਰ ਕਰਦੀ ਰਹੀ ਹੈ। ਸ਼ੁਰੂਆਤੀ ਦੌਰ ਵਿੱਚ ਮਾਤਰੀ ਪ੍ਰਧਾਨ ਸਮਾਜ ਸੀ ਪਰ ਜਿਵੇਂ ਹੀ ਮਰਦ ਅੰਦਰ ਨਿੱਜੀ ਸੰਪਤੀ ਦੀ ਲਾਲਸਾ ਜਨਮ ਲੈਂਦੀ ਹੈ ਤਾਂ ਉਸਨੇ ਉਤਪਾਦਨ ਦੇ ਸਾਧਨਾ ਨੂੰ ਆਪਣੀ ਪਕੜ ਹੇਠ ਲੈ ਆਂਦਾ ਅਤੇ ਔਰਤ ਨੂੰ ਮਹਿਜ਼ ਘਰ ਦੀ ਚਾਰ ਦੀਵਾਰੀ ਤੱਕ ਮਹਿਦੂਦ ਕਰ ਦਿੱਤਾ।

> "ਮਾਤਰੀ ਹੱਕ ਦਾ ਤਖ਼ਤਾ ਉਲਟਿਆ ਜਾਣਾ ਮਦੀਨ ਜਿਨਸ ਦੀ ਸੰਸਾਰ-ਇਤਿਹਾਸਕ ਹਾਰ ਸੀ। ਘਰ ਵਿੱਚ ਵੀ ਮਰਦ ਨੇ ਵਾਗ ਡੋਰ ਸੰਭਾਲ ਲਈ। ਇਸਤ੍ਰੀ ਦਾ ਦਰਜਾ ਨੀਵਾਂ ਹੋ ਗਿਆ, ਉਹਨੂੰ ਗੁਲਾਮ ਬਣਾ ਲਿਆ ਗਿਆ, ਉਹ ਮਰਦ ਦੀ ਵਾਸਨਾ ਬਣ ਗਈ। ਬੱਚੇ ਪੈਦਾ ਕਰਨ ਲਈ ਕੇਵਲ ਇੱਕ ਸਾਧਨ।"[16]

ਪਰੰਤੂ ਸਮੇਂ ਦੇ ਬਦਲਣ ਨਾਲ ਅਤੇ ਆਧੁਨਿਕਤਾ ਦੇ ਕ੍ਰਾਂਤੀਕਾਰੀ ਬਦਲ ਨੇ ਸਮਾਜ ਵਿੱਚ ਔਰਤ ਦੀ ਇੱਕ ਵੱਖਰੀ ਪਹਿਚਾਣ ਬਣਾਉਣ ਲਈ ਇਨਕਲਾਬੀ ਰੋਲ ਅਦਾ ਕੀਤਾ ਹੈ। ਸਮਾਜ ਅੰਦਰ ਔਰਤ ਨੂੰ ਆਪਣੀ ਹੋਂਦ ਬਚਾਈ ਰੱਖਣ ਲਈ ਅਤੇ ਆਪਣੀ ਪਹਿਚਾਣ ਬਣਾਉਣ ਲਈ ਬੜਾ ਲੰਬਾ ਸੰਘਰਸ਼ ਲੜਨਾ

ਪਿਆ ਹੈ। ਉਸਨੂੰ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਅਜ਼ਾਦੀ ਨਾਲ ਜਿਓਣ ਦਾ ਅਧਿਕਾਰ ਨਹੀਂ ਮਿਲਿਆ। ਪੰਜਾਬੀ ਸਮਾਜ ਤੇ ਪੱਛਮੀ ਸਮਾਜ ਅੰਦਰ ਨਾਰੀ ਦੀ ਸਥਿਤੀ/ਹੋਣੀ ਵੱਖੋ-ਵੱਖਰੀ ਹੈ। ਕਵੀ ਨੂੰ ਇਨ੍ਹਾਂ ਦੋਨਾਂ ਸਮਾਜਾਂ ਬਾਰੇ ਡੂੰਘੀ ਸਮਝ ਹੈ। ਨਾਰੀਵਾਦੀ ਚਿੰਤਨ ਨੂੰ ਆਧਾਰ ਬਣਾਕੇ ਪਿਆਰਾ ਸਿੰਘ ਕੁੱਦੋਵਾਲ ਆਪਣੀਆਂ ਰਚਨਾਵਾਂ ਦੇ ਜ਼ਰੀਏ ਇਸ ਵਿਸ਼ੇ ਪ੍ਰਤੀ ਆਪਣਾ ਸਕਰਾਤਮਕ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਉਹ ਭਾਰਤੀ ਪੰਜਾਬੀ ਔਰਤ ਤੇ ਪੱਛਮੀ ਨਾਰੀ ਦੇ ਜੀਵਨ ਵਿਹਾਰ ਨੂੰ ਤੁਲਨਾਤਮਕ ਪਰਿਪੇਖ ਰਾਹੀਂ ਪੇਸ਼ ਕਰਦਾ ਹੈ:

ਗੱਲਾਂ ਤੇਰੇ, ਸਬਰ ਸਿਦਕ ਦੀਆਂ ਤੁਰੀਆਂ ਨੇ,
ਇਹ ਗੱਲਾਂ ਵੀ, ਚੰਗੀਆਂ ਨਹੀਂ, ਬੁਰੀਆਂ ਨੇ।
ਇਹ ਜੁ ਮੇਰੇ, ਘਰ ਦੀਆਂ ਕੰਧਾਂ ਭੁਰੀਆਂ ਨੇ,
ਮੈਨੂੰ ਲੱਗਦੈ, ਘਰ ਦੀਆਂ ਕੁੜੀਆਂ ਤੁਰੀਆਂ ਨੇ।
ਅੱਖਾਂ ਦੇ ਵਿੱਚ, ਸ਼ਰਮ ਹਯਾ ਤੇ ਸਾਦਗੀ,
ਇਹ ਮੇਰੇ, ਪੰਜਾਬ ਦੀਆਂ, ਹੀ ਕੁੜੀਆਂ ਨੇ।
ਵਿਦੇਸ਼ੀ ਬੁੱਲਾਂ ਉੱਤੇ, ਸੁਰਖੀ ਮੁਸਕਾਨਾਂ,
ਪਰਸਾਂ ਦੇ ਵਿੱਚ, ਪਿਸਟਲ ਖ਼ੰਜਰ ਛੁਰੀਆਂ ਨੇ[17]

ਉਪਰੋਕਤ ਕਾਵਿ ਟੁਕੜੀਆਂ ਰਾਹੀਂ ਕਵੀ ਜਿੱਥੇ ਪੰਜਾਬੀ ਨਾਰੀ ਦੀ ਸਾਦਗੀ ਭਰਪੂਰ ਫਿਤਰਤ ਦੀ ਗੱਲ ਕਰਦਾ ਹੋਇਆ ਫ਼ਖਰ ਮਹਿਸੂਸ ਕਰਦਾ ਹੈ ਉੱਥੇ ਨਾਲ ਹੀ ਉਹ ਵਿਦੇਸ਼ੀ ਔਰਤਾਂ ਦੇ ਦੋਗਲੇ ਕਿਰਦਾਰਾਂ ਨੂੰ ਵੀ ਭੰਡਣ ਤੋਂ ਗੁਰੇਜ਼ ਨਹੀਂ ਕਰਦਾ।

ਪਿਆਰਾ ਸਿੰਘ ਕੁੱਦੋਵਾਲ ਆਪਣੀ ਸ਼ਾਇਰੀ ਰਾਹੀਂ ਉਨ੍ਹਾਂ ਭਾਰਤੀ ਇਤਿਹਾਸਕ/ਮਿਥਿਹਾਸਕ ਪ੍ਰਸੰਗਾਂ ਨੂੰ ਪੁਨਰ-ਪ੍ਰੀਭਾਸ਼ਿਤ ਕਰਦਾ ਹੈ ਜੋ ਔਰਤ ਦੇ ਅਸਤਿਤਵ ਨੂੰ ਨਿਗੁਣਾ ਕਰਕੇ ਵੇਖਦੀਆਂ ਹਨ। ਕਵੀ ਦੀ ਵਿਲੱਖਣਤਾ ਇਸ ਗੱਲ ਵਿਚ ਨਿਹਿਤ ਹੈ ਕਿ ਉਹ ਇਨ੍ਹਾਂ ਮਿੱਥਾਂ ਅੰਦਰ ਪਏ ਨਾਰੀ ਵਿਰੋਧੀ ਵਿਹਾਰ ਨੂੰ ਸਾਡੇ ਸਨਮੁੱਖ ਕਰਦਾ ਹੋਇਆ ਸਦੀਆਂ ਤੋਂ ਸ਼ਰਧਾਮੂਲਕ ਢੰਗ ਨਾਲ ਪ੍ਰਵਾਨੀਆਂ ਤੇ ਪ੍ਰਚਾਰੀਆਂ ਗਈਆਂ ਇਨ੍ਹਾਂ ਮਿੱਥਾਂ ਨੂੰ ਪ੍ਰਸ਼ਨਚਿੰਨਤ ਕਰਦਾ ਹੈ। ਭਾਰਤੀ ਮਿਥਿਹਾਸ ਵੀ ਕਿਤੇ ਨਾ ਕਿਤੇ ਮਰਦ ਦੀ ਔਰਤ 'ਤੇ

ਪ੍ਰਭੂਸੱਤਾ ਨੂੰ ਕਾਇਮ ਰੱਖਣ ਵਿਚ ਇਕ ਮਾਧਿਅਮ ਵਜੋਂ ਰੋਲ ਅਦਾ ਕਰਦਾ ਹੈ। ਉਹ ਮਿਥਿਹਾਸਕ ਪਾਤਰ ਇੰਦਰ ਦੇਵ ਦੇ ਮੂੰਹੋਂ ਇਕ ਵਿਵਾਹਿਤ ਔਰਤ ਨਾਲ ਆਪਣੀ ਦੇਹੀ ਲਾਲਸਾ ਵੱਸ ਕੀਤੀ ਅਮਾਨਵੀ ਘਟਨਾ ਉਪਰ ਸ਼ਰਮਿੰਦਗੀ ਜ਼ਾਹਰ ਕਰਵਾਉਂਦਾ ਹੈ। ਕਸੂਰ ਇੱਕ ਮਰਦ ਦਾ ਸੀ ਪਰੰਤੂ ਉਸਦੀ ਸਜ਼ਾ ਇੱਕ ਔਰਤ ਨੂੰ ਹੀ ਮਿਲਦੀ ਹੈ। ਜੇਕਰ ਵਰਤਮਾਨ ਦੀ ਗੱਲ ਕਰੀਏ ਤਾਂ ਇੱਕ ਔਰਤ ਦੀ ਜ਼ਿੰਦਗੀ ਵਿਚਲੇ ਮਾੜੇ ਹਾਲਾਤ ਇਸ ਮਿਥਿਹਾਸਕ ਘਟਨਾ ਨਾਲੋਂ ਵੱਖਰੇ ਨਹੀਂ ਹਨ:

ਦੇਵ ਲੋਕ ਨੇ
ਮਾਤ ਲੋਕ ਨਾਲ਼ ਧੋਖਾ ਕੀਤਾ !!
ਇਸ ਗਾਥਾ ਨੇ
ਇੱਕ ਔਰਤ ਨੂੰ ਪੱਥਰ ਕੀਤਾ
ਇਕ ਮਰਦ ਨੂੰ
ਸਰਾਪ ਦੇਣ ਦਾ ਹੱਕ ਦੇ ਦਿੱਤਾ !
ਹੁਣ, ਮੈਂ ਇੰਦਰ ਜਿੱਤ ਕੇ ਹਰਿਆ !
ਹਾਏ ! ਇੰਦਰ ਜਿੱਤ ਕੇ ਹਰਿਆ !!
ਇਹ ਨਿੱਤ ਜਾਂਦਾ ਥਾਂ ਥਾਂ ਗਣਿਆਂ[18]

ਪਿਆਰਾ ਸਿੰਘ ਕੁੱਦੋਵਾਲ ਨਾਰੀਵਾਦੀ ਨਜ਼ਰੀਏ ਨੂੰ ਪ੍ਰਤੀਕਾਤਮਕ ਰੂਪ ਵਿੱਚ ਪੇਸ਼ ਕਰਦਾ ਇਕ ਔਰਤ ਦੇ ਵੱਖੋ ਵੱਖਰੇ ਨਕਸ਼ ਉਘਾੜਦਾ ਹੈ। ਕਵੀ ਸਮਾਜ ਵਿੱਚ ਪ੍ਰਚੱਲਿਤ ਨਾਰੀ ਵਿਰੋਧੀ ਕਦਰਾਂ ਕੀਮਤਾਂ ਨੂੰ ਪ੍ਰਸ਼ਨਚਿੰਨਤ ਕਰਦਾ ਹੋਇਆ ਸੰਬੋਧਨੀ ਸ਼ੈਲੀ ਰਾਹੀਂ ਔਰਤ ਦੀ ਜ਼ਿੰਦਗੀ ਵਿਚਲੇ ਸਖ਼ਤ ਅਤੇ ਮਾੜੇ ਹਲਾਤਾਂ ਦੀ ਗੱਲ ਕਰਦਾ ਹੈ। ਉਹ ਭਰੂਣ ਹੱਤਿਆ ਵਰਗੇ ਗ਼ੈਰ ਕਾਨੂੰਨੀ ਮਸਲਿਆਂ ਨੂੰ ਵੀ ਨਿੰਦਦਾ ਹੈ। ਉਹ ਆਪਣੀ ਸ਼ਾਇਰੀ ਦੇ ਮਾਧਿਅਮ ਰਾਹੀਂ ਔਰਤ ਦੀ ਹੋਂਦ ਅਤੇ ਅਹਿਮੀਅਤ ਨੂੰ ਦਰਸਾਉਂਦਾ ਹੋਇਆ ਉਸਦੀ ਸਮਾਜ ਵਿੱਚ ਬਣਦੀ ਯੋਗ ਥਾਂ ਦੀ ਵਕਾਲਤ ਕਰਦਾ ਹੈ। ਕਵੀ ਸਮਕਾਲੀ ਸਮਾਜ ਅੰਦਰ ਔਰਤ ਦੇ ਤ੍ਰਾਸਦਿਕ ਯਥਾਰਥ ਨੂੰ ਉਘਾੜਦਾ ਹੋਇਆ ਉਸ ਜਗੀਰੂ ਮੁੱਲ-ਵਿਧਾਨ ਤੇ ਗਹਿਰਾ ਪ੍ਰਹਾਰ ਕਰਦਾ ਹੈ ਜੋ

ਔਰਤ ਦੀਆਂ ਸੱਧਰਾਂ/ਚਾਵਾਂ ਨੂੰ ਮਧੋਲਦਾ ਹੋਇਆ ਉਸਦੇ ਅਸਤਿਤਵ ਨੂੰ ਇਕ ਸੰਕੀਰਣ ਦਾਇਰੇ ਤੱਕ ਮਹਿਦੂਦ ਕਰ ਦਿੰਦਾ ਹੈ। ਇਹ ਵੇਦਨਾ-ਸੰਵੇਦਨਾ ਕੁਦੋਵਾਲ ਦੀ ਕਵਿਤਾ ਵਿੱਚ ਇੰਜ ਪੇਸ਼ ਹੁੰਦੀ ਹੈ:-

ਕੀ ਨਦੀਆਂ ਦਾ ਨਾਂ ਵੇ ਲੋਕਾ
ਨਿਰਮਲ ਪਾਣੀ ਰੰਗ ਬਿਰੰਗੀ ਛਾਂ ਵੇ ਲੋਕਾ
ਨਦੀ ਜਨਮ ਤੋਂ ਸੁੱਟੀ ਜਾਵੇ
ਕੰਡਿਆਂ ਅੰਦਰ ਕੁੱਟੀ ਜਾਵੇ
ਮੁੜ ਕਦ ਵੰਞਣਾਂ ਜੰਮਣ ਭੋਇ
ਜਾਣਾ ਦੂਰ ਗਰਾਂ ਵੇ ਲੋਕਾ
ਕੀ ਨਦੀਆਂ ਦਾ ਨਾਂ ਵੇ ਲੋਕਾ[19]

ਕਵੀ ਪੱਛਮੀ ਸਮਾਜ ਦੇ ਖੁੱਲ੍ਹੇ-ਡੁੱਲ੍ਹੇ ਸਮਾਜਿਕ ਚੌਗਿਰਦੇ ਵਿਚ ਵਿਚਰਦੀ ਔਰਤ ਦੀ ਬੰਦਿਸ਼ ਰਹਿਤ ਸੁਤੰਤਰ ਜੀਵਨ-ਜਾਚ ਨੂੰ ਪ੍ਰਗਟ ਕਰਦਾ ਹੈ। ਪੱਛਮੀ ਨਾਰੀ ਰੂੜ੍ਹੀਵਾਦੀ ਔਰਤ-ਵਿਰੋਧੀ ਮੁੱਲਾਂ/ਵਿਹਾਰਾਂ ਨੂੰ ਟਿੱਚ ਸਮਝਦੀ ਹੋਈ ਆਪਣੀ ਇੱਛਾ ਅਨੁਸਾਰ ਜੀਵਨ ਬਸ਼ਰ ਕਰਨ ਨੂੰ ਤਰਜੀਹ ਦਿੰਦੀ ਹੈ। ਪੱਛਮੀ ਨਾਰੀ ਦਬੇਲ ਕਿਸਮ ਦੀ ਨਹੀਂ ਹੈ ਬਲਕਿ ਉਹ ਬਾਗੀ ਪ੍ਰਵਿਰਤੀ ਦੀ ਧਾਰਨੀ ਹੈ। ਉਹ ਪੈਤਰਿਕ ਵਿਧੀ-ਵਿਧਾਨ ਦੀ ਜਕੜ ਵਿਚ ਐਨੀ ਬੁਰੀ ਤਰ੍ਹਾਂ ਨਹੀਂ ਜਕੜੀ ਹੋਈ ਜਿੰਨੀ ਭਾਰਤੀ ਔਰਤ ਇਸਦੀ ਗ੍ਰਿਫ਼ਤ ਵਿਚ ਹੈ। ਪੱਛਮੀ ਔਰਤ ਦੇ ਆਜ਼ਾਦ ਖ਼ਿਆਲਾਤ ਉਸਨੂੰ ਆਤਮ ਨਿਰਭਰ ਅਤੇ ਨਿਡਰ ਬਣਾਉਂਦੇ ਹਨ । ਉਹ ਆਪਣੀ ਨਿੱਜੀ ਅਤੇ ਸੁਤੰਤਰ ਜਿੰਦਗੀ ਨੂੰ ਅਹਿਮੀਅਤ ਦਿੰਦੀ ਹੈ। ਉਹ ਬੜੀ ਮਿਹਨਤ ਤੇ ਮੁਸ਼ੱਕਤ ਨਾਲ ਕੰਮ ਕਰਦੀ ਹੋਈ ਆਤਮ ਨਿਰਭਰਤਾ ਨਾਲ ਜਿਉਂਦੀ ਹੈ। ਉਹ ਮਰਦ ਦੀ ਧੌਂਸ ਨੂੰ ਟਿੱਚ ਜਾਣਦੀ ਹੋਈ ਉਸਦੇ ਦੁਆਰਾ ਔਰਤ ਨੂੰ ਆਪਣੇ ਕਾਬੂ ਹੇਠ ਰੱਖਣ ਲਈ ਘੜੀਆਂ ਗਈਆਂ ਸੱਭਿਆਚਾਰਕ ਸੰਸਥਾਵਾਂ ਖਿਲਾਫ਼ ਪ੍ਰਤੀਰੋਧਕ ਸੁਰ ਅਖ਼ਤਿਆਰ ਕਰਦੀ ਹੈ। ਉਹ ਆਪਣੀ ਜ਼ਿੰਦਗੀ ਦੇ ਫ਼ੈਸਲੇ ਖੁਦਮੁਖ਼ਤਿਆਰੀ ਨਾਲ ਲੈਣ ਲਈ ਪੂਰੀ ਤਰ੍ਹਾਂ ਸੁਤੰਤਰ ਹੈ। ਭਾਰਤੀ ਔਰਤ ਪੈਤਰਿਕ ਸੱਤਾ ਵੱਲੋਂ ਬਣਾਈ ਗਈ ਮਰਿਆਦਾ ਅਨੁਸਾਰ ਆਪਣੀ ਜ਼ਿੰਦਗੀ ਜਿਉਣ ਲਈ ਮਜਬੂਰ ਹੈ। "ਪਿਤਰਕੀ ਅਤੇ ਸਾਮੰਤੀ ਪ੍ਰਬੰਧ ਵਿਚ ਵਿਆਹ ਨਾਰੀ ਦੀ ਸੰਸਕ੍ਰਿਤਕ ਮਜਬੂਰੀ ਹੈ। ਇਸ ਪ੍ਰਬੰਧ ਅਧੀਨ ਨਾਰੀ ਸ਼ੋਸ਼ਣ ਦਾ ਮੂਲ ਕਾਰਨ, ਸਮਾਜਿਕ ਸੰਸਕ੍ਰਿਤਕ

ਪੱਧਰ 'ਤੇ ਸ਼ਕਤੀ ਦਾ ਕੇਂਦਰੀਕਰਨ ਮਰਦਾਵੀਂ ਹੱਥਾਂ ਵਿਚ ਹੋਣਾ ਅਤੇ ਨਾਰੀ ਦੀ ਪੁਰਸ਼ ਦੀ ਆਰਥਿਕਤਾ ਨਿਰਭਰਤਾ ਹੈ।"[20] ਉਸਨੇ ਜਦੋਂ ਵੀ ਇਨ੍ਹਾਂ ਰੂੜੀਵਾਦੀ ਕਦਰਾਂ ਕੀਮਤਾਂ ਨੂੰ ਆਪਣੇ ਸੁਪਨਿਆਂ ਖਾਤਰ ਤੋੜਣ ਦੀ ਕੋਸ਼ਿਸ਼ ਕੀਤੀ ਹੈ ਉਦੋਂ ਹੀ ਉਸਨੂੰ ਸਮਾਜ ਅਤੇ ਮਰਦ ਸੱਤਾ ਦੀ ਫੋਕੀ ਚੌਧਰ ਦਾ ਸ਼ਿਕਾਰ ਹੋਣਾ ਪਿਆ ਹੈ । ਪੱਛਮੀ ਔਰਤ ਹਮੇਸ਼ਾ ਤੋਂ ਹੀ ਮਰਿਆਦਾ ਭੰਜਕ ਰਹੀ ਹੈ । ਉਹ ਆਪਣੀ ਨਿੱਜੀ ਜਿੰਦਗੀ ਨੂੰ ਜਿਓਂਦੀ ਹੋਈ ਸਮਾਜ ਦੀਆਂ ਸੰਕੀਰਨ ਕੀਮਤਾਂ ਦੀ ਪਰਵਾਹ ਕੀਤੇ ਬਿਨ੍ਹਾਂ ਇਨ੍ਹਾਂ ਪ੍ਰਤੀ ਬੇਫ਼ਿਕਰੀ ਜ਼ਾਹਰ ਕਰਦੀ ਹੈ। ਪਿਆਰਾ ਸਿੰਘ ਕੁੱਦੋਵਾਲ ਦਾ ਕਾਵਿ ਪੈਰਾਡਾਈਮ ਪੱਛਮੀ ਔਰਤ ਦੀ ਇਸ ਆਜ਼ਾਦ ਤਬੀਅਤ ਦੀ ਸ਼ਲਾਘਾ ਕਰਦਾ ਹੋਇਆ ਔਰਤ ਦਾ ਸ਼ੋਸ਼ਣ ਕਰਨ ਵਾਲੇ ਸਮਾਜ ਪ੍ਰਤੀ ਆਪਣਾ ਕਾਵਿ ਪ੍ਰਤੀਕਰਮ ਦਿੰਦਾਂ ਹੈ:-

ਬਾੱਸ ਨੇ

ਕਿਸੇ ਕੰਮ ਤੇ ਸਵਾਲ ਕੀਤਾ

ਨਵੀਂ ਕਰਮਚਾਰੀ ਨੇ

ਗੁੱਸਾ ਕੀਤਾ ਤੇ

ਜਵਾਬ ਨਾ ਦਿੱਤਾ,

ਰੁੱਸ ਗਈ ਸੀ,

ਜਾਂ ਬੁੱਸ ਪਈ ਸੀ, ਸਮਝ ਨਾ ਆਵੇ

ਬਾੱਸ ਦਾ ਦਿਲ ਟੁੱਟਿਆ,

ਪਿਆਰ ਨਾਲ਼ ਬੋਲਣਾ ਸੀ,

ਰੋਹਬ ਮਾਰਨ ਦੇ ਰੌਅ 'ਚ

ਗੁੱਸੇ ਨਾਲ਼ ਬੋਲਿਆ,

"ਆਈ ਸਾਈਨ ਯੂਅਰ ਚੈੱਕ"

"ਡੈਮ ਇੱਟ"

"ਜਵਾਬ ਦੇ" !!

ਨਵੀਂ ਕਰਮਚਾਰੀ ਨੇ

ਫਾਈਲ ਟੇਬਲ ਤੇ ਧਰੀ

ਮੱਥੇ ਤੇ ਤਿਊੜੀ ਜਿਹੀ ਭਰੀ

ਗੋਲ ਗੋਰੇ ਮੁਖ ਤੇ ਲਾਲੀ ਉਭਰੀ

ਤੇ ਉਸਦੀ ਚੁੱਪ ਇੰਝ ਟੁੱਟੀ:

"ਆਈ ਡੋਂਟ ਕੇਅਰ"

ਹੈੱਕ !

ਐਂਡ ਕੀਪ ਯੂਅਰ

ਡੈਮ ਚੈੱਕ !![21]

ਸੋ, ਇਸ ਪ੍ਰਕਾਰ ਕਵੀ ਆਪਣੀ ਸ਼ਾਇਰੀ ਰਾਹੀਂ ਭਾਰਤੀ/ਪੰਜਾਬੀ ਤੇ ਪੱਛਮੀ ਨਾਰੀ ਦੇ ਜੀਵਨ ਨਾਲ ਸਬੰਧਿਤ ਵਿਵਿਧ ਪਹਿਲੂਆਂ ਦੀ ਬੜੀ ਸਹਿਜ ਪੇਸ਼ਕਾਰੀ ਕਰਦਾ ਹੈ। ਜਿੱਥੇ ਉਹ ਭਾਰਤੀ ਸਮਾਜ ਦੇ ਪ੍ਰਸੰਗ ਵਿੱਚ ਔਰਤ ਦੀ ਤ੍ਰਾਸਦਿਕ ਯਥਾ-ਸਥਿਤੀ ਨੂੰ ਬੜੇ ਮਾਰਮਿਕ ਅੰਦਾਜ਼ ਵਿੱਚ ਪੇਸ਼ ਕਰਦਾ ਹੈ, ਉੱਥੇ ਪੱਛਮੀ ਸਮਾਜ-ਸੱਭਿਆਚਾਰ ਵਿੱਚ ਵਿਚਰ ਰਹੀ ਪੱਛਮੀ ਨਾਰੀ ਦੁਆਰਾ ਬਿਨ੍ਹਾਂ ਕਿਸੇ ਪੈਤਰਿਕ ਮੁੱਲ ਵਿਧਾਨ ਦੀ ਬੰਦਿਸ਼ ਦੇ ਸੁਤੰਤਰ ਜੀਵਨ ਜਾਚ ਨੂੰ ਪ੍ਰਗਟ ਕਰਦਾ ਹੈ। ਉਹ ਤੁਲਨਾਤਮਿਕ ਵਿਧੀ ਰਾਹੀਂ ਵੱਖ ਵੱਖ ਸਮਾਜਾਂ ਵਿੱਚ ਸ਼ੋਸ਼ਣ ਹੰਢਾ ਰਹੀ ਔਰਤ ਦੀ ਯਥਾਰਥਕ ਤਸਵੀਰ ਨੂੰ ਸਾਹਮਣੇ ਲਿਆਉਂਦਾ ਹੈ।

**ਮਾਨਵੀ ਸਰੋਕਾਰ**

ਪਿਆਰਾ ਸਿੰਘ ਕੁੱਦੋਵਾਲ ਦਾ ਕਾਵਿ ਵਧੇਰੇ ਕਰਕੇ ਉਨ੍ਹਾਂ ਗੰਭੀਰ ਸਮਾਜਕ ਮਸਲਿਆਂ ਨੂੰ ਕੇਂਦਰ ਵਿੱਚ ਰੱਖਦਾ ਹੈ ਜਿਨ੍ਹਾਂ ਨੇ ਮਨੁੱਖ ਤੇ ਸਮਾਜ ਦੇ ਅਸਤਿਤਵ ਲਈ ਕਈ ਵੰਗਾਰਾਂ ਖੜ੍ਹੀਆਂ ਕੀਤੀਆਂ। ਉਸਦੀ ਕਵਿਤਾ ਨਿਰੋਲ ਰੁਮਾਂਸਵਾਦੀ/ਆਦਰਸ਼ਵਾਦੀ ਚੌਖਟੇ ਤੋਂ ਵਿੱਥ ਸਥਾਪਿਤ ਕਰਦੀ ਹੋਈ ਕਰੂਰ ਸਮਕਾਲੀ ਸਮਾਜਿਕ ਯਥਾਰਥ ਨੂੰ ਉਘਾੜਦੀ ਹੈ। ਉਸਦੀ ਪ੍ਰਤੀਬੱਧਤਾ ਸਮਾਜ ਨਾਲ ਹੈ। ਉਹ ਮਾਨਵੀ ਸੋਚ ਉੱਪਰ ਪਹਿਰਾ ਦਿੰਦਾ ਹੋਇਆ ਮਨੁੱਖੀ ਗੌਰਵ ਨੂੰ ਢਾਅ ਲਾਉਣ ਵਾਲੀਆਂ ਨਕਾਰਾਤਮਕ ਸ਼ਕਤੀਆਂ ਦਾ ਪਰਦਾਫਾਸ਼ ਕਰਕੇ ਉਨ੍ਹਾਂ ਦਾ ਤਿੱਖੀ ਕਾਵਿ ਭਾਸ਼ਾ ਰਾਹੀਂ ਖੰਡਨ ਕਰਦਾ ਹੈ:

ਇਹ ਜ਼ਮੀਰਫਰੋਸ਼,

ਨਿੱਕ ਭਾਸ਼ਣ ਝਾੜਦੇ

ਭੀੜਾਂ ਉਕਸਾਉਂਦੇ

ਸਾਜਿਸ਼ਾਂ ਰਚਦੇ ਅੱਗਾਂ ਲਾਉਂਦੇ

ਲੋਕਾਂ ਨੂੰ ਲੋਕਾਂ ਨਾਲ ਲੜਾਉਂਦੇ

ਤੇ ਤਥਾ ਕਥਿਤ ਸ਼ਹੀਦਾਂ ਨੂੰ

ਸੋਨ-ਪੱਤਰੀਆਂ ਵਿੱਚ ਸਜਾਉਂਦੇ

ਪਰ ਸੱਚੇ ਸ਼ਹੀਦਾਂ ਦੇ ਨਾਂ 'ਤੇ

ਤਿਲਮਿਲਾਉਂਦੇ, ਮੂੰਹ ਚਿੜਾਉਂਦੇ

ਇਕ ਥਾਂ, ਇਕੋ ਬਿੰਦੂ ਤੇ

ਰੁੱਕ ਚੁੱਕੇ ਨੇ, ਮੁੱਕ ਚੁੱਕੇ ਨੇ[22]

ਪਿਆਰਾ ਸਿੰਘ ਕੁੱਦੋਵਾਲ ਕਿਸੇ ਵਿਸ਼ੇਸ਼ ਵਿਚਾਰਧਾਰਾ ਨਾਲ ਬੱਝ ਕੇ ਕਾਵਿ ਸਿਰਜਣਾ ਨਹੀਂ ਕਰਦਾ ਸਗੋਂ ਸਮੁੱਚੀ ਮਾਨਵਤਾ ਹੀ ਉਸਦੇ ਕਾਵਿ-ਜਗਤ ਦਾ ਹਿੱਸਾ ਬਣਦੀ ਹੈ। ਨਿਰਸੰਦੇਹ ਉਹ ਇਕ ਮਾਨਵਵਾਦੀ ਸ਼ਾਇਰ ਹੈ ਜਿਸਦੀ ਕਵਿਤਾ ਮਾਨਵੀ ਫ਼ਿਕਰਾਂ ਤੇ ਤੌਖਲਿਆਂ ਨਾਲ ਲਬਰੇਜ਼ ਹੈ। ਮਾਨਵਤਾ ਉਸਦੀ ਸ਼ਾਇਰੀ ਦਾ ਪ੍ਰਮੁੱਖ ਗੁਣ ਹੈ ਜੋ ਉਸਦੀ ਕਵਿਤਾ ਦਾ ਆਧਾਰ ਤੱਤ ਬਣਦਾ ਹੈ। ਉਸਦੀ ਕਵਿਤਾ ਸੁਹਜ-ਸਵਾਦ ਦੇ ਝਮੇਲਿਆਂ ਵਿਚ ਨਾ ਪੈ ਕੇ ਉਨ੍ਹਾਂ ਮਾਨਵੀ ਕਦਰਾਂ ਕੀਮਤਾਂ ਦੀ ਗੱਲ ਕਰਦੀ ਹੈ ਜੋ ਸਮਾਜ ਨੂੰ ਨਰੋਈ ਦਿਸ਼ਾ ਪ੍ਰਦਾਨ ਕਰਦੀਆਂ ਹਨ। ਉਹ ਸਮੁੱਚੀ ਮਾਨਵਤਾ ਨੂੰ ਇੱਕ ਨਜ਼ਰ ਨਾਲ ਵੇਖਦਾ ਹੋਇਆ ਇਸ ਪ੍ਰਤੀ ਆਪਣੀ ਸਤਿਕਾਰਤ ਭਾਵਨਾ ਵਿਅਕਤ ਕਰਦਾ ਹੈ। ਉਹ ਆਪਣੀ ਕਵਿਤਾ ਜ਼ਰੀਏ ਸਮੁੱਚੇ ਵਿਸ਼ਵ ਅੰਦਰ ਵਾਪਰਦੀਆਂ ਅਮਾਨਵੀ ਘਟਨਾਵਾਂ ਨੂੰ ਨਿੰਦਦਾ ਹੈ ਅਤੇ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਲੋਕਾਂ ਦੀ ਕਰੂਰ ਮਾਨਸਿਕਤਾ ਉੱਪਰ ਕਰੜਾ ਕਾਵਿਕ ਪਰਹਾਰ ਕਰਦਾ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿਕ ਪ੍ਰਤਿਭਾ ਇਸ ਗੱਲ ਵਿੱਚ ਨਿਹਿਤ ਹੈ ਕਿ ਉਹ ਅਖੌਤੀ ਲੀਡਰਾਂ ਅਤੇ ਜਾਲਸਾਜ਼ਾਂ ਦੀ ਝੂਠੀ ਨੀਅਤ ਨੂੰ ਸਮਝਦਾ ਹੋਇਆ ਉਨ੍ਹਾਂ ਦੇ ਮਾਨਵ-ਵਿਰੋਧੀ ਚਿਹਰੇ ਨੂੰ ਸਾਡੇ ਸਨਮੁੱਖ ਕਰਦਾ ਹੈ। ਉਸਦਾ ਨਿਮਨਲਿਖਤ

ਕਲਾਮ ਸ਼ਾਇਰ ਦੇ ਕਾਵਿ-ਪੈਰਾਡਾਈਮ ਨੂੰ ਨਿਰਧਾਰਿਤ ਕਰਦਾ ਹੈ ਜਿਸ ਵਿਚ ਉਹ ਮਖ਼ਮਲੀ/ਤਲਿੱਸਮੀ ਸੰਸਾਰ ਦੀ ਬਜਾਇ ਯਥਾਰਥ ਦੀ ਪੇਸ਼ਕਾਰੀ ਕਰਨ ਨੂੰ ਤਰਜੀਹ ਦਿੰਦਾ ਹੈ:

ਮੈਥੋਂ ਨਹੀਂ ਕਰ ਹੁੰਦਾ
ਨਖਸ਼ਿਖ ਵਰਨਣ
ਉਸਦੇ ਚੌੜੇ ਮੱਥੇ ਦਾ
ਮੱਥੇ ਤੇ ਧਰੀ ਗੋਲ ਬਿੰਦੀ ਦਾ
ਹਿਰਨੋਟੇ ਵਾਂਗ ਚਮਕਦੀਆਂ ਖ਼ੂਬਸੂਰਤ ਅੱਖਾਂ ਦਾ
ਚੁੰਨੀ ਦੇ ਪੱਲੇ ਨੂੰ ਗੰਢ ਮਾਰ ਮਾਰ
ਕੀਤੀਆਂ ਰੱਖਾਂ ਦਾ
ਸੁਰਖ਼ ਗੁਲਾਬੀ ਬੁੱਲਾਂ ਤੇ
ਪੱਸਰੀ ਮੁਸਕਾਨ ਦਾ
ਖ਼ੂਬਸੂਰਤ ਚਮਕਦੇ ਵਾਲਾਂ ਦਾ
ਤੇ ਅੰਗਰੇਜੀ ਲਹਿਜੇ ਵਿੱਚ
ਪ੍ਰਗਟਾਏ ਉਹਦੇ ਖੁੱਲੇ ਖਿਆਲਾਂ ਦਾ
ਪਰ ਪਤਾ ਨਹੀਂ ਕਿਉਂ
ਹਰ ਵਾਰ ਮੇਰੀ ਨਜ਼ਮ ਦੀ ਨਜ਼ਰ
ਤਿਲਕ ਕੇ ਜਾ ਪੈਂਦੀ ਹੈ
ਭੁੱਖ ਤੇ ਲਾਚਾਰੀ ਤੇ
ਗਰੀਬੀ ਵਿੱਚ ਪਿਸਦੀ
ਜਨਤਾ ਵਿਚਾਰੀ ਤੇ[23]

ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਵਿਸ਼ਵ ਅੰਦਰ ਪਸਰੀ ਅਸਥਿਰਤਾ ਨੂੰ ਫੋਕਸ ਵਿੱਚ ਲੈਂਦੀ ਹੋਈ ਹਰ ਉਸ ਘਟਨਾ ਉੱਪਰ ਆਪਣਾ ਪ੍ਰਤੀਕਰਮ ਦਿੰਦੀ ਹੈ ਜਿੱਥੇ ਬੇਦੋਸ਼ੇ ਅਤੇ ਮਜ਼ਲੂਮ ਲੋਕ ਬਿਨ੍ਹਾਂ ਵਜ੍ਹਾ

ਹੀ ਸਮਾਜ ਵਿੱਚ ਅਰਾਜਕਤਾ ਫ਼ੈਲਾਉਣ ਵਾਲੀ ਮਾਨਸਿਕਤਾ ਰੱਖਦੇ ਲੋਕਾਂ ਦੀਆਂ ਮਾੜੀਆਂ ਨੀਤੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਉਹ ਮਾਨਵੀ ਹੋਂਦ ਤੇ ਇਸਦੇ ਅਸਤਿੱਤਵ ਦੀ ਗੱਲ ਕਰਦਾ ਹੋਇਆ ਉਨ੍ਹਾਂ ਤਾਕਤਵਰ ਮੁਲਕਾਂ ਵੱਲੋਂ ਆਪਣੇ ਨਿੱਜੀ ਮਸਲਿਆਂ ਦੀ ਪੂਰਤੀ ਲਈ ਗ਼ਰੀਬ ਅਤੇ ਪੱਛੜੇ ਦੇਸ਼ਾਂ ਅੰਦਰ ਵੱਸਦੇ ਮਨੁੱਖਾਂ ਉੱਪਰ ਢਾਏ ਜਾਂਦੇ ਤਸ਼ੱਦਦ ਦੀ ਨਿਖੇਧੀ ਕਰਦਾ ਹੈ। ਉਹ ਮਾਨਵ-ਮੁਕਤੀ ਨੂੰ ਪਰਣਾਇਆ ਹੋਇਆ ਕਵੀ ਹੈ। ਉਹ ਇੱਕ ਸ਼ਾਂਤੀ ਦੂਤ ਵਾਂਗ ਸਾਰੀ ਕਾਇਨਾਤ ਨੂੰ ਪਿਆਰ ਤੇ ਮੋਹ ਨਾਲ ਠਾਰ ਦੇਣਾ ਚਾਹੁੰਦਾ ਹੈ। ਉਹ ਵਾਰ-ਵਾਰ ਮਾਨਵਤਾ ਦਾ ਰਾਗ ਆਲਾਪਦਾ ਹੋਇਆ ਉਨ੍ਹਾਂ ਵਿਸ਼ਵੀ ਤਾਕਤਾਂ ਦੀ ਅਲੋਚਨਾ ਕਰਦਾ ਹੈ ਜਿਹੜੇ ਆਪਣੇ ਮੁਲਕਾਂ ਦੇ ਗੌਰਵ ਅਤੇ ਸ਼ਾਨ ਲਈ ਹੋਰਨਾਂ ਦੇਸ਼ਾਂ ਦੀ ਗਰਿਮਾ ਨੂੰ ਠੇਸ ਪਹੁੰਚਾਉਂਦੇ ਹਨ ਅਤੇ ਮਾਨਵੀ ਹੋਂਦ ਨੂੰ ਘਾਤਕ ਪ੍ਰਸਥਿਤੀਆਂ ਦੇ ਹਵਾਲੇ ਕਰਕੇ ਸਿਰਫ਼ ਤਮਾਸ਼ਬੀਨਾਂ ਵਾਗ ਸਾਰਾ ਮੰਜ਼ਰ ਦੇਖਦੇ ਹਨ। ਕਵੀ ਮਾਨਵਨਵਾਦੀ ਸੋਚ ਦੇ ਜ਼ਰੀਏ ਪੂਰੀ ਦੁਨੀਆਂ ਅੰਦਰ ਮਨੁੱਖੀ ਜੀਵਨ ਦੀ ਹੋਂਦ ਤੇ ਅਹਿਮੀਅਤ ਲਈ ਉਨ੍ਹਾਂ ਅਮਾਨਵੀ ਸੰਸਥਾਵਾਂ ਦੇ ਖਿਲਾਫ਼ ਇੱਕ ਨਾਅਰਾ ਬੁਲੰਦ ਕਰਦਾ ਹੈ ਜਿਹੜੀਆਂ ਹਮੇਸ਼ਾ ਤੋਂ ਹੀ ਇਸ ਸੋਚ ਦੇ ਖਿਲਾਫ਼ ਰਹੀਆਂ ਹਨ:

ਧੂੰਆਂ ਧੂੰਆਂ ਧੂੰਆਂ
ਚਾਰੇ ਪਾਸੇ
ਬੰਬਾਂ ਦੀ ਧੜਾਮ ਧੜਾਮ
ਚੀਖਾਂ ਦੀ ਥਰਥਰਾਹਟ
ਦਿਲਾਂ ਦੇ ਟੁੱਟਣ ਦੀ ਅਵਾਜ਼
ਸਿਸਕੀਆਂ ਤੇ ਹਉਕੇ
ਮੈਨੂੰ ਸਾਫ਼ ਸੁਣਾਈ ਦੇਣ ਲਗਦੇ ਹਨ
ਫਿਰ ਅਖੌਤੀ ਰਾਹਤ ਜਾਵੇ
ਫਿਰ ਰਾਹਤ ਦੀ ਡੌਂਡੀ
ਸਾਰੇ ਜੱਗ ਵਿੱਚ ਪਾਵੇ
ਫਿਰ ਆਪਣੇ ਹੈਲੀਕਾਪਟਰ

ਬੰਬ ਸੁੱਟ ਕੇ

ਆਪਣੇ ਹੀ ਰਾਹਤ ਕਾਰੀ ਮਾਰਦੇ

"ਸੌਰੀ ਫਰੈਂਡਲੀ ਫਾਇਰ"

ਦਾ ਨਾਂ ਦੇ ਕੇ ਕਿੱਸਾ ਖਤਮ

ਤੇ ਅਗਲੇ ਹਮਲੇ ਵੱਲ ਜਾਵੇ

ਆਮ ਨਾਗਰਿਕ ਮਰਦਾ ਜਾਵੇ

ਜਾਂ ਮਰਨ ਦਾ ਰਾਹ ਅਪਨਾਵੇ।

ਮੈ ਰੋਹ ਵਿੱਚ ਹੱਥ ਖੜਾ ਕਰਕੇ

ਆਕਾਸ਼ ਵੱਲ ਝਾਕਦਾ

ਪੂਰੇ ਤਾਣ ਨਾਲ਼ ਕਹਿੰਦਾ ਹਾਂ-

ਬੰਦ ਕਰੋ ਬੰਦ ਕਰੋ

ਮਾਨਵਤਾ ਦਾ ਖ਼ੂਨ

ਬੰਦ ਕਰੋ !!! [24]

ਕਵੀ ਇਕ ਸ਼ੋਸ਼ਣ ਰਹਿਤ ਸਮਾਜ ਦੀ ਉਸਾਰੀ ਲਈ ਆਮ ਕਿਰਤੀ ਲੋਕਾਂ ਨੂੰ ਇਸ ਮੰਤਵ ਦੀ ਪੂਰਤੀ ਖਾਤਰ ਹੰਭਲਾ ਮਾਰਨ ਲਈ ਪ੍ਰੇਰਿਤ ਕਰਦਾ ਹੈ। ਉਸਦੀ ਕਵਿਤਾ ਪਾਠਕ ਨੂੰ ਆਸ਼ਾਵਾਦੀ ਨਜ਼ਰੀਏ ਨਾਲ ਜੋੜਦੀ ਹੋਈ ਉਸ ਅੰਦਰ ਬਿਹਤਰ ਸਮਾਜ ਸਿਰਜਣ ਦੀ ਚਾਹਤ ਪੈਦਾ ਕਰਦੀ ਹੈ। ਕੁੱਦੋਵਾਲ ਸੱਤਾਧਾਰੀ ਵਰਗ ਦੁਆਰਾ ਨਪੀੜੇ ਜਾ ਰਹੇ ਕਿਰਤੀ ਵਰਗ ਨੂੰ ਆਪਣੇ ਹੱਕਾਂ ਪ੍ਰਤੀ ਚੇਤਨ ਕਰਦਾ ਹੋਇਆ ਇਕਜੁੱਟ ਹੋ ਕੇ ਸੰਘਰਸ਼ ਕਰਨ ਲਈ ਲਾਮਬੱਧ ਕਰਦਾ ਹੈ। ਸ਼ਾਇਰ ਲੋਕਾਂ ਨੂੰ ਉਸਾਰੂ ਕਦਰਾਂ-ਕੀਮਤਾਂ ਅਪਣਾਉਣ ਅਤੇ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਣ ਦੀ ਨਸੀਹਤ ਦਿੰਦਾ ਹੈ। ਉਸਦਾ ਕਾਵਿ-ਪ੍ਰਯੋਜਨ ਇਕ ਖੁਸ਼ਹਾਲ ਸਮਾਜ ਦੀ ਸਥਾਪਨਾ ਦੇ ਮੰਤਵ ਨਾਲ ਜੁੜਿਆ ਹੋਇਆ ਹੈ। ਉਹ ਸਰਬੱਤ ਦੇ ਭਲੇ ਦੀ ਬਾਤ ਪਾਉਣ ਵਾਲਾ ਸ਼ਾਇਰ ਹੈ:

ਯਾਰੋ ਮੇਰੇ ਦਿਲ ਵਿੱਚ ਹੋਇਆ, ਰੌਸ਼ਨ ਇੱਕ ਚਿਰਾਗ
ਪਿਆਰ ਬਰਾਬਰ ਹਰ ਮਾਨਵ ਨੂੰ, ਕਰਨਾ ਹੋ ਬੇਲਾਗ।

ਕਦੋਂ ਤੱਕ ਤੂੰ ਸੁੱਤਾ ਰਹਿ ਕੇ, ਕਿਰਤ ਲੁਟਾਈ ਜਾਣੀ।
ਉੱਠ ਕਿਰਤੀਆ, ਉੱਠ ਮਜਦੂਰਾ, ਉੱਠ ਕਿਸਾਨਾ ਜਾਗ।
ਕੁੱਦੋਵਾਲ ਵੀ ਨਾਲ ਹੈ ਤੇਰੇ, ਇੱਕ ਤੋਂ ਹੋਏ ਗਿਆਰਾਂ।
ਮਾਨਵਤਾ ਹੈ ਸੱਭ ਤੋਂ ਉੱਪਰ, ਛੇੜ ਨਵਾਂ ਇਹ ਰਾਗ।[25]

ਸੋ, ਇਸ ਪ੍ਰਕਾਰ ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਸਮਾਜ ਦੇ ਵੱਖ-ਵੱਖ ਪਸਾਰਾਂ ਨੂੰ ਆਪਣੀ ਸ਼ਾਇਰੀ ਦਾ ਹਿੱਸਾ ਬਣਾਉਂਦੀ ਹੈ। ਉਹ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਉੱਪਰ ਫੈਲੇ ਗੰਭੀਰ ਮਸਲਿਆਂ ਨੂੰ ਵਿਚਾਰਦਾ ਹੋਇਆ ਪਾਠਕਾਂ ਦਾ ਧਿਆਨ ਇਸ ਪਾਸੇ ਦਵਾਉਣ ਦਾ ਸਫ਼ਲ ਉਪਰਾਲਾ ਕਰਦਾ ਹੈ। ਉਸਦੀ ਕਵਿਤਾ ਦੀ ਮੂਲ ਸੁਰ ਮਾਨਵਵਾਦੀ ਹੈ। ਇਸ ਲਈ ਉਸਦਾ ਸਮੁੱਚਾ ਕਲਾਮ ਹੀ ਇਸ ਵਿਚਾਰਧਾਰਾ ਦੇ ਆਲੇ ਦੁਆਲੇ ਘੁੰਮਦਾ ਹੈ।

ਪਿਆਰਾ ਸਿੰਘ ਕੁੱਦੋਵਾਲ ਇੱਕ ਆਸ਼ਾਵਾਦੀ ਸ਼ਾਇਰ ਹੈ। ਉਹ ਮਨੁੱਖ ਨੂੰ ਕਠੋਰ ਸਮਾਜਕ ਪ੍ਰਸਥਿਤੀਆਂ ਅੰਦਰ ਵੀ ਸਹਿਜਤਾ ਨਾਲ ਜਿਓਣ ਦੀ ਕਲਾ ਸਿਖਾਉਂਦਾ ਹੈ। ਉਹ ਗਹਿਰੀ ਨਿਰਾਸ਼ਾ ਨਾਲ ਪਸਰੇ ਮਾਹੌਲ ਨੂੰ ਊਰਜਾ ਪ੍ਰਦਾਨ ਕਰਦਾ ਹੋਇਆ ਮਨੁੱਖ ਅੰਦਰ ਹੌਂਸਲਾ ਅਤੇ ਜੋਸ਼ ਦੇ ਭਾਵ ਜਗਾਉਂਦਾ ਹੈ। ਉਸਦੀ ਸ਼ਾਇਰੀ ਪਾਠਕ ਵਰਗ ਨੂੰ ਇੱਕ ਸਕਾਰਾਤਮਕ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਸਮਾਜ ਵਿੱਚ ਪਸਰੇ ਅਜੋਕੇ ਅਸਥਿਰਤਾ ਦੇ ਮਾਹੌਲ ਵਿੱਚ ਜਦੋਂ ਮਨੁੱਖ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਤੋਂ ਘਬਰਾ ਕੇ ਖ਼ੁਦ ਨੂੰ ਲਾਚਾਰ ਤੇ ਬੇਬਸ ਮਹਿਸੂਸ ਕਰਨ ਲੱਗਦਾ ਹੈ ਉਦੋਂ ਹੀ ਕਵੀ ਦੀ ਪ੍ਰਚੰਡ ਕਾਵਿ ਸ਼ੈਲੀ ਉਸਦੀ ਨਿਰਾਸ਼ਾ ਭਰੀ ਜ਼ਿੰਦਗੀ ਵਿੱਚ ਨਵੀਂ ਰੂਹ ਫੂਕਦੀ ਹੈ। ਕਵੀ ਦੁਆਰਾ ਮਨੁੱਖ ਅੰਦਰ ਭਰੀ ਗਈ ਇਹ ਊਰਜਾ ਉਸਨੂੰ ਬੇਬਾਕ ਤੇ ਨਿਡਰ ਬਣਾਉਂਦੀ ਹੈ, ਜਿਸਦੇ ਸਿੱਟੇ ਵਜੋਂ ਉਹ ਮੁਸੀਬਤਾਂ ਨਾਲ ਲੜਣ ਲਈ ਤਿਆਰ ਹੋ ਜਾਂਦਾ ਹੈ। ਉਹ ਸਮਾਜ ਵਿੱਚ ਪਸਰੀਆਂ ਵਿਭਿੰਨ ਕਿਸਮ ਦੀਆਂ ਸਮੱਸਿਆਵਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੋਇਆ ਆਪਣਾ ਕਾਵਿ ਕਰਮ ਗਤੀਸ਼ੀਲ ਬਣਾਈ ਰੱਖਦਾ ਹੈ ਅਤੇ ਮਨੁੱਖ ਜਾਤੀ ਨੂੰ ਜ਼ੁਲਮ ਖਿਲਾਫ਼ ਡਟੇ ਰਹਿਣ ਲਈ ਪ੍ਰੇਰਿਤ ਕਰਦਾ ਹੈ:

ਬਹਾਨਾ ਲੱਭ ਹੀ ਲੈਂਦੇ ਹਾਂ, ਕੋਈ ਰੋਣ ਦਾ।

ਬੜਾ ਸ਼ੌਕ ਹੈ ਸਾਨੂੰ, ਇਹ ਅੱਖਾਂ ਧੋਣ ਦਾ।

ਪਾਉਣਾ ਅੱਖੀਆਂ 'ਚ, ਸੁਰਮਾ ਹੀ ਕਾਫੀ ਨਹੀਂ
ਹੁਨਰ ਵੀ ਚਾਹੀਦੈ ਯਾਰੋ, ਜ਼ਰਾ ਮਟਕਾਉਣ ਦਾ।
ਜਿੰਦਗੀ ਮੇਰੀ ਵੀ, ਅਜੀਬ ਬਣਦੀ ਜਾ ਰਹੀ
ਖੁਸ਼ੀ ਪਾਉਣ ਦੀ ਰਹੀ, ਨਾ ਸਮਾਂ ਰੋਣ ਦਾ ।

ਹਾਰਿਆ ਹੈ ਨਾ ਕੁੱਦੋਵਾਲ, ਨਾ ਹਾਰੇਗਾਂ ਕਦੀ
ਜਿੰਦਗੀ ਨਾਮ ਹੈ, ਰਾਗ ਕੋਈ ਨਵਾਂ ਗਾਉਣ ਦਾ।[26]

**ਪੰਜਾਬੀਅਤ ਦਾ ਸੰਕਲਪ**

ਸ਼ਾਇਰ ਪੰਜਾਬੀ ਸਮਾਜ-ਸਭਿਆਚਾਰ ਨਾਲ ਭਾਵਨਾਤਮਕ ਪੱਧਰ 'ਤੇ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਬੇਸ਼ੱਕ ਉਹ ਕਈ ਦਹਾਕਿਆਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ। ਉਸਦੀ ਸ਼ਾਇਰੀ ਵਿਚੋਂ ਉਸਦੀ ਆਪਣੀ ਮਾਤ ਭੂਮੀ ਪ੍ਰਤੀ ਮੋਹ, ਫਿਕਰ, ਚਿੰਤਾ ਤੇ ਵਾਪਿਸ ਪਰਤਣ ਦੀ ਤਾਂਘ ਨੂੰ ਪਛਾਣਿਆਂ ਜਾ ਸਕਦਾ ਹੈ। ਹਰ ਪਰਵਾਸੀ ਪੰਜਾਬੀ ਸਾਹਿਤਕਾਰ ਦੀ ਕਵਿਤਾ ਵਿਚ ਇਹ ਵਤਨਪ੍ਰਸਤੀ ਦਾ ਤੱਤ ਹਮੇਸ਼ਾ ਵਿਦਮਾਨ ਰਹਿੰਦਾ ਹੈ। ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਉਸਦੇ ਅਵਚੇਤਨ ਵਿਚ ਡੂੰਘੀ ਤਰ੍ਹਾਂ ਵਸੀਆਂ ਹੋਈਆਂ ਹਨ। ਉਸਨੂੰ ਪੰਜਾਬੀ ਬੋਲੀ ਤੇ ਸਭਿਆਚਾਰ ਨਾਲ ਅਥਾਹ ਪਿਆਰ ਹੈ। ਉਹ ਪੂਜੀਵਾਦੀ ਮੁਲਕਾਂ ਦੇ ਤਲਿਸਮੀ ਜਗਤ ਵਿਚ ਵਿਚਰਦਿਆਂ ਵੀ ਆਪਣੇ ਮੂਲ ਸਭਿਆਚਾਰ ਨੂੰ ਬੜੀ ਸ਼ਿੱਦਤ ਨਾਲ ਯਾਦ ਕਰਦਾ ਹੈ। ਕਵੀ ਪੱਛਮੀ ਪਰਿਵੇਸ਼ ਵਿਚ ਵਿਚਰਦਿਆਂ ਵੀ ਉਸਦੇ ਪਦਾਰਥਕ ਤਲਿੱਸਮ ਵਿਚ ਗੁਆਚਦਾ ਨਹੀਂ ਸਗੋਂ ਆਪਣੀ ਭਾਸ਼ਾ, ਵਿਰਸੇ ਨੂੰ ਉਸ ਨਾਲੋਂ ਉੱਤਮ ਮੰਨਦਾ ਹੈ। ਉਹ ਪੂੰਜੀਵਾਦੀ ਵਰਤਾਰਿਆਂ ਸਦਕਾ ਸਾਡੀ ਪੰਜਾਬੀ ਬੋਲੀ ਤੇ ਸਭਿਆਚਾਰਕ ਸੰਰਚਨਾਵਾਂ ਵਿਚ ਆ ਰਹੇ ਨਕਾਰਾਤਮਕ ਬਦਲਾਵ ਕਰਕੇ ਦੁਖ ਪ੍ਰਗਟ ਕਰਦਾ ਹੈ;

"ਸੰਸਾਰ ਮੰਡੀ ਦੀ ਉਭਰਦੀ ਸ਼ਕਤੀ ਅਤੇ ਵਰਤਾਰੇ ਨੇ ਹਰੇਕ ਸਭਿਆਚਰਕ ਹੋਂਦ ਨੂੰ ਅਣਕਿਆਸੇ ਅਣਚਾਹੇ ਪਰਿਵਰਤਨਾਂ ਦੇ ਮੂੰਹ ਲਿਆ ਖਲਾਰਿਆ ਹੈ। ਅਤਿ ਉੱਨਤ ਪੂੰਜੀਵਾਦੀ ਉਦਯੋਗੀਕਰਨ ਨੇ ਜਿਸ ਪ੍ਰਕਾਰ ਦੀ ਸੰਸਾਰ ਮੰਡੀ ਦੇ ਨਕਸ਼ ਉਲੀਕੇ ਹਨ, ਉਸਨੇ ਵਿਸ਼ਵੀਕਰਨ ਦੇ ਅਜਿਹੇ ਤੂਫਾਨੀ ਵਰਤਾਰੇ ਨੂੰ ਉਭਾਰਿਆ ਹੈ, ਜਿਸਨੇ ਸਵੈ-ਸੁਤੰਤਰ ਜਾਪਦੀਆਂ ਸਭਿਆਚਾਰਕ ਇਕਾਈਆਂ ਨੂੰ ਹਲੂਣ ਕੇ ਰੱਖ ਦਿੱਤਾ ਹੈ"।[27]

ਉਹ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਦਰਪੇਸ਼ ਵੱਖ-ਵੱਖ ਸੰਕਟਾਂ ਪ੍ਰਤੀ ਚਿੰਤਾ ਜਾਹਰ ਕਰਦਾ ਹੈ:

ਮਾਂ ਬੋਲੀ ਪਿੱਛੇ ਛੱਡੀ
ਪੱਲੇ ਪਿਆ ਕੰਮਪਿਊਟਰ
ਅੰਗਰੇਜੀ ਬੋਲੋ ਅੰਗਰੇਜੀ ਸਿੱਖੋ
ਆਖਣ "ਸਿਆਣੇ" ਟਿਊਟਰ
ਵਸਤਰ ਉਤਾਰੋ ਮੰਚ ਸ਼ਿੰਗਾਰੋ
ਸ਼ਰਤ ਰੱਖੇ ਵੀਡੀਓ ਪ੍ਰਡਿਊਸਰ
ਪੰਜਾਬੀ ਵਿਰਸਾ ਨੰਗਾ ਕਰਨਾ
ਮਿੱਥ ਬੈਠੇ ਕਈ ਫਿਲਮ ਪ੍ਰਡਿਊਸਰ।[28]

ਉਹ ਪੰਜਾਬ ਦੀਆਂ ਨਿੱਘਰਦੀਆਂ ਜਾਂਦੀਆਂ ਸਮਾਜਕ, ਧਾਰਮਿਕ ਤੇ ਰਾਜਸੀ ਪ੍ਰਸਥਿਤੀਆਂ ਉੱਤੇ ਡੂੰਘੀ ਫ਼ਿਕਰਮੰਦੀ ਜ਼ਾਹਰ ਕਰਦਾ ਹੈ। ਉਹ ਪੰਜਾਬ ਵਿੱਚ ਦਿਨੋ ਦਿਨ ਭ੍ਰਿਸ਼ਟ ਰਾਜਸੀ ਤੰਤਰ ਸਦਕਾ ਪਸਰ ਰਹੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬੁਰਛਾਗਰਦੀ ਦੇ ਆਲਮ ਉੱਤੇ ਤਿੱਖਾ ਵਿਅੰਗ ਕਰਦਾ ਹੈ। ਉਹ ਲੋਕਾਂ ਨੂੰ ਮੂਰਖ਼ ਬਣਾਉਣ ਵਾਲੀਆਂ ਅਖੌਤੀ ਧਾਰਮਿਕ ਸੰਸਥਾਵਾਂ ਦਾ ਪਰਦਾਫਾਸ਼ ਕਰਦਾ ਹੈ। ਕਵੀ ਰੋਜ਼ਗਾਰ ਦੀ ਭਾਲ ਲਈ ਵਿਦੇਸ਼ਾਂ ਵਿੱਚ ਆਏ ਭਾਰਤੀ/ਪੰਜਾਬੀ ਪਰਵਾਸੀਆਂ ਦੀ ਮਜ਼ਬੂਰੀ ਨੂੰ ਵੀ ਬਿਆਨ ਕਰਦਾ ਹੈ। ਉਹ ਪੂੰਜੀਵਾਦ ਦੀ ਭੇਂਟ ਚੜ੍ਹੇ ਪੰਜਾਬੀ ਰਿਸ਼ਤਿਆਂ ਵਿੱਚੋਂ ਖ਼ਤਮ ਹੁੰਦੇ ਜਾ ਰਹੇ ਨਿੱਘ, ਪਿਆਰ ਤੇ ਕੋਮਲ ਅਹਿਸਾਸਾਂ ਪ੍ਰਤੀ ਆਪਣੀ ਭਾਵੁਕ ਅੰਤਰ ਵੇਦਨਾ ਨੂੰ ਵਿਅਕਤ ਕਰਦਾ ਹੈ। ਕਵੀ ਦੀ ਸ਼ਾਇਰੀ ਜਿੱਥੇ ਉਸਦੀ

ਪਿੰਡ ਵਾਪਸੀ ਦੀ ਤੀਬਰ ਲੋਚਾ ਨੂੰ ਬਿਆਨ ਕਰਦੀ ਹੈ, ਉੱਥੇ ਹੀ ਉਹ ਭਾਰਤੀ/ਪੰਜਾਬੀ ਰਹਿਤਲ ਉੱਪਰ ਹੁੰਦੀਆਂ ਅਮਾਨਵੀ ਘਟਨਾਵਾਂ ਦੀ ਅਲੋਚਨਾ ਕਰਦਾ ਹੋਇਆ ਆਪਣੀ ਦੇਸ਼ ਵਾਪਸੀ ਦੀ ਤਾਂਘ ਤੇ ਵਾਪਿਸ ਨਾ ਪਰਤ ਸਕਣ ਦੀ ਮਜਬੂਰੀ ਦਰਮਿਆਨ ਦਵੰਦ ਨੂੰ ਬਿਆਨ ਕਰਦਾ ਹੈ:

ਕੰਧ ਉਹਲੇ ਪ੍ਰਦੇਸ, ਕੋਲ ਵੀ ਦੂਰ ਵੀ
ਕਰ ਜੇਰਾ ਵੇਖ ਲੈ, ਓਦਰੇ ਜਹੇ ਡਰ ਨੂੰ।

ਦੀਵਾਰ ਦੀ ਓਟ ਸੀ, ਉਡਾ ਦਿੱਤੀ ਗਈ
ਕੀ ਨਾਮ ਦੇਵਾਂ, ਟੁਕੜੇ ਹੋਏ ਧੜ ਨੂੰ।

ਨਾ ਬਨੇਰੇ ਬੱਤੀਆਂ, ਨਾ ਸੀਨਿਆਂ 'ਚ ਸੇਕ
ਕਿਉਂ ਮੁੜਨ ਪਰਿੰਦੇ, ਫਿਰ ਓਸ ਨਗਰ ਨੂੰ।[29]

ਸ਼ਾਇਰ ਪੰਜਾਬੀ ਸੱਭਿਆਚਾਰ ਦਾ ਅਜੋਕਾ ਮੁਹਾਂਦਰਾ ਵੀ ਚਿਤਰਣ ਦਾ ਯਤਨ ਕਰਦਾ ਹੈ। ਉਹ ਵਿਕਸਿਤ ਦੇਸ਼ਾਂ ਵੱਲੋਂ ਪੈਦਾ ਕੀਤੀ ਗਈ ਅਜੋਕੀ ਗਲੋਬਲ ਮੰਡੀ ਦੀ ਚਕਾਚੌਂਧ ਅੰਦਰ ਧੁੰਦਲੇ ਪੈਂਦੇ ਜਾ ਰਹੇ ਖੇਤਰੀ ਸੱਭਿਆਚਾਰਾਂ ਦੀ ਗੱਲ ਕਰਦਾ ਹੋਇਆ ਇਨ੍ਹਾਂ ਦੇ ਤੇਜ਼ੀ ਨਾਲ ਹੁੰਦੇ ਜਾ ਰਹੇ ਬਦਲਾਵ ਉੱਪਰ ਵੀ ਫ਼ੋਕਸ ਕਰਦਾ ਹੈ। ਮੰਡੀ ਦੇ ਅਜੋਕੇ ਤਲਿਸਮੀ ਮਾਹੌਲ ਨੇ ਸਾਨੂੰ ਇਸ ਕਦਰ ਆਪਣੀ ਜਕੜ ਵਿੱਚ ਲੈ ਲਿਆ ਹੈ ਕਿ ਅਸੀਂ ਇਸ ਦੀ ਹੋਂਦ ਵਿੱਚੋਂ ਪੈਦਾ ਹੁੰਦੇ ਨਕਾਰਾਤਮਕ ਸਿੱਟਿਆਂ ਦੀ ਪਰਵਾਹ ਕੀਤੇ ਬਿਨ੍ਹਾਂ ਹੀ ਇਸਦੇ ਛਲਾਵੇ ਦਾ ਸ਼ਿਕਾਰ ਹੁੰਦੇ ਜਾ ਰਹੇ ਹਾਂ। ਇਸ ਮੰਡੀ ਸੱਭਿਆਚਾਰ ਨੇ ਸਾਡੀ ਬੋਲੀ, ਪਹਿਰਾਵੇ ਅਤੇ ਰਿਸ਼ਤਿਆਂ ਨੂੰ ਇਸ ਕਦਰ ਖੋਖ਼ਲਾ ਕਰ ਦਿੱਤਾ ਹੈ ਕਿ ਅਸੀਂ ਖੁਦ ਹੀ ਇਸਦੇ ਵਿਸਥਾਰ ਵਿੱਚ ਭਾਗੀਦਾਰ ਬਣ ਗਏ ਹਾਂ। ਕਵੀ ਦੀ ਸ਼ੈਲੀ ਇੰਨੀ ਪ੍ਰਭਾਵਸ਼ਾਲੀ ਹੈ ਕਿ ਉਹ ਸਾਨੂੰ ਇਸ ਬਾਰੇ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਪੂੰਜੀ ਇਕੱਤਰ ਕਰਨ ਦੀ ਅਜੋਕੀ ਲਾਲਸਾ ਤੇ ਕਦੇ ਨਾ ਖਤਮ ਹੋਣ ਵਾਲੀ ਇਸ ਦੌੜ ਅੰਦਰ ਅਸੀਂ ਬੜਾ ਕੁਝ ਪਿੱਛੇ ਛੱਡਦੇ ਜਾ ਰਹੇ ਹਾਂ। ਇਹ ਇੱਕ ਅਜਿਹਾ ਮੈਲਟਿੰਗ ਪੌਟ ਹੈ ਜਿਸ ਵਿੱਚ ਦੁਨੀਆਂ ਦੇ ਵੱਖੋ-ਵੱਖਰੇ ਸੱਭਿਆਚਾਰਾਂ ਦਾ ਸਾਰਾ ਵਜੂਦ ਪਿਘਲ ਕੇ ਇੱਕ ਖਪਤਵਾਦੀ ਢਾਂਚੇ ਵਿੱਚ ਢਲਦਾ ਜਾ ਰਿਹਾ ਹੈ। ਸ਼ਾਇਰ ਪੰਜਾਬੀ ਸੱਭਿਆਚਾਰ ਦੀ ਵਕਾਲਤ ਕਰਦਾ ਹੋਇਆ ਇਸ ਪ੍ਰਤੀ ਆਪਣਾ ਨਜ਼ਰੀਆ ਪੇਸ਼ ਕਰਦਾ ਹੈ:

ਅਮਰੀਕਾ ਦੀ ਖਿੱਚ ਨੇ

ਵਿਕਸਿਤ ਕੀਤੀ ਗਲੋਬਲ ਮੰਡੀ

ਇਸ ਗਲੋਬਲ ਮੰਡੀ ਅੰਦਰ

ਲੱਗੀ ਫੇਰ ਸੱਭਿਆਚਾਰਾਂ ਦੀ ਬੋਲੀ

ਪਹਿਲਾਂ ਇਸਨੇ ਸਾਡੇ ਕੱਪੜੇ ਬਦਲੇ

ਫਿਰ ਬੋਲੀ ਕੀਤੀ ਰੋਲ-ਘਚੋਲੀ

ਪੱਗਾਂ ਜੂੜੇ ਚੁੰਨੀਆਂ ਗੁੱਤਾਂ

ਇੱਕ ਇੱਕ ਕਰਕੇ ਲਹਿੰਦੇ ਜਾਂਦੇ

ਇਸ ਫੈਸ਼ਨ ਦੀ ਦੌੜ ਵਿੱਚ

ਬਣਦੀ ਜਾਵੇ ਇਕ ਟੋਲੀ

ਗੋਰੇ ਕਾਲੇ ਭੂਰੇ ਮਿਲਕੇ

ਖੇਡਣ ਲੱਗੇ ਅੱਖ ਮਚੋਲੀ।[30]

ਪਿਆਰਾ ਸਿੰਘ ਕੁੱਦੋਵਾਲ ਸਿੱਖ ਫ਼ਲਸਫੇ ਤੇ ਇਤਿਹਾਸ ਦੀ ਗੱਲ ਕਰਦਾ ਹੋਇਆ ਸਿੱਖ ਇਤਿਹਾਸ ਦੇ ਗੌਰਵਸ਼ਾਲੀ ਸਮੇਂ ਨੂੰ ਯਾਦ ਕਰਦਾ ਹੈ। ਉਹ ਨਸ਼ੇ ਵਰਗੀਆਂ ਮਾੜੀਆਂ ਅਲਾਮਤਾਂ ਦੀ ਦਲਦਲ ਅੰਦਰ ਡੂੰਘੇ ਧੱਸਦੇ ਜਾ ਰਹੇ ਨੌਜਵਾਨਾਂ ਦੀ ਹਾਲਤ ਨੂੰ ਬਿਆਨ ਕਰਦਾ ਹੋਇਆ ਇਸ ਪ੍ਰਤੀ ਆਪਣੀ ਚਿੰਤਾ ਵਿਅਕਤ ਕਰਦਾ ਹੈ। ਕਵੀ ਉਨ੍ਹਾਂ ਰਾਜਸੀ ਲੀਡਰਾਂ, ਅਫ਼ਸਰਾਂ ਅਤੇ ਤਸਕਰਾਂ ਦੀ ਆਪਸੀ ਮਿਲੀਭੁਗਤ ਨਾਲ ਫੈਲਾਏ ਜਾ ਰਹੇ ਇਸ ਸਾਜਿਸ਼ੀ ਮੱਕੜਜਾਲ ਨੂੰ ਭੰਡਦਾ ਹੈ। ਕਵੀ ਮਨੁੱਖਤਾ ਅਤੇ ਸੱਚ ਖਾਤਰ ਬਲੀਦਾਨ ਦੇਣ ਵਾਲੀਆਂ ਮਹਾਨ ਰੂਹਾਂ ਦੀ ਕੁਰਬਾਨੀ ਨੂੰ ਨਤਮਸਤਕ ਹੁੰਦਾ ਹੋਇਆ ਨਸ਼ਿਆਂ ਨਾਲ ਲੜਣ ਦਾ ਪ੍ਰਣ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਦੁਰਦਸ਼ਾ ਨੂੰ ਦੇਖਦਿਆਂ ਹੋਇਆ ਨਿਰਾਸ਼ ਲੋਕਾਈ ਦੇ ਹੌਂਸਲੇ ਨੂੰ ਬੁਲੰਦ ਕਰਨ ਲਈ ਗੁਰੂਆਂ ਤੇ ਸੂਰਬੀਰ ਯੋਧਿਆਂ ਦੇ ਪ੍ਰੇਰਨਾਮਈ ਪ੍ਰਸੰਗਾਂ/ਬਿੰਬਾਂ ਦਾ ਆਪਣੀ ਸ਼ਾਇਰੀ ਰਾਹੀਂ ਯਥਾਯੋਗ ਸੰਚਾਰ ਕਰਦਾ ਹੈ:

ਇਹ ਜੋ ਨਸ਼ਿਆਂ ਦੇ ਮਾਰੇ

ਅਮਲ ਦੇ ਕੁੱਬੇ ਕੀਤੇ

ਚਿੱਟੇ ਦੀ ਕੁੱਟ ਦੇ

ਮਰੀਅਲ ਚਿਹਰੇ

ਦਿਨ-ਬ-ਦਿਨ

ਬਗਦਾਦ ਦੇ ਕਬਰਿਸਤਾਨ ਵਾਂਗ

ਵੱਧਦੇ ਜਾਂਦੇ

ਆਪਣੇ ਹੀ

ਲੀਡਰਾਂ

ਪੁਲਸੀਆਂ

ਅਫ਼ਸਰਾਂ

ਤਸਕਰਾਂ ਦੀ

ਮਿਲੀ ਭੁਗਤ ਦਾ ਨਤੀਜਾ ਹੈ[31]

-------------------------------------

ਤੱਤੀ ਤਵੀ ਤੇ

ਬਹਿ ਗੁਰੂ ਅਰਜਨ ਦੱਸਿਆ

ਸੱਚ ਹੈ ਸ਼ਾਂਤੀ ਪੁੰਜ

ਜੇ ਕੋਈ ਜੀ ਗਿਆ !

ਸੋ ਇਸ ਪ੍ਰਕਾਰ ਕਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਦੀ ਗਲ ਕਰਦਾ ਹੋਇਆ ਸਮੁੱਚੀ ਲੋਕਾਈ ਨੂੰ ਇਸ ਮਾੜੀ ਅਲਾਮਤ ਖਿਲਾਫ਼ ਇਕਜੁੱਟ ਹੋ ਕੇ ਲੜਨ ਲਈ ਪ੍ਰੇਰਿਤ ਕਰਦਾ ਹੈ।

## ਪ੍ਰਾਕ੍ਰਿਤਕ ਸਰੋਕਾਰ

ਕਵੀ ਕੁਦਰਤ ਦੀ ਵਿਸ਼ਾਲਤਾ ਦੀ ਗੱਲ ਕਰਦਾ ਹੈ। ਉਹ ਇਸਦੇ ਮਨੁੱਖੀ ਜ਼ਿੰਦਗੀ ਉੱਪਰ ਪੈਣ ਵਾਲੇ ਪ੍ਰਭਾਵਾਂ ਅਤੇ ਇਸਦੀ ਹੋਂਦ ਨੂੰ ਬਿਆਨ ਕਰਦਾ ਹੋਇਆ ਮਨੁੱਖੀ ਜੀਵਨ ਲਈ ਕੁਦਰਤ ਦੀ ਅਹਿਮੀਅਤ ਤੇ ਲੋੜ ਬਾਰੇ ਜਾਗਰੂਕਤਾ ਫ਼ੈਲਾਉਂਦਾ ਹੈ। ਉਹ ਕੁਦਰਤ ਦੀ ਕਰੋਪੀ ਵਿੱਚੋਂ ਪੈਦਾ ਹੁੰਦੇ ਸੰਕਟਾਂ ਵੱਲ ਲੋਕਾਂ ਦਾ ਧਿਆਨ ਦੁਆਉਂਦਾ ਹੈ। ਮਨੁੱਖ ਨੇ ਆਪਣੀ ਆਲਸੀ ਪ੍ਰਵਿਰਤੀ ਅਧੀਨ ਕੁਦਰਤ ਪ੍ਰਤੀ ਇੱਕ ਅਣਗਹਿਲੀ ਭਰਿਆ ਰਵੱਈਆ ਅਪਣਾਇਆ ਹੋਇਆ ਹੈ:

ਕੈਟਰੀਨਾ
ਸਮੁੰਦਰੀ ਤੂਫਾਨ
ਤਬਾਹੀ ਦਾ ਭਿਆਨਕ ਰੂਪ
ਸ਼ਿਵ ਦੀ ਕਰੋਪੀ ਦਾ
ਪ੍ਰਤੱਖ ਨਜ਼ਾਰਾ
ਰੱਬ ਦੀ ਹੋਂਦ ਦਾ ਪ੍ਰਗਟਾਅ
ਕੁਦਰਤ ਦੀ ਸੁੰਦਰਤਾ
ਦਾ ਦੂਜਾ ਪਾਸਾ
ਅਸੀਂ ਕੰਧਾ ਉਸਾਰ ਕੇ
ਇੰਝ ਸੁਰੱਖਿਅਤ ਹਾਂ
ਜਿਵੇਂ ਕਬੂਤਰ ਬਿੱਲੀ ਵੱਲ
ਅੱਖ ਮੀਟ ਕੇ[32]

ਪਿਆਰਾ ਸਿੰਘ ਕੁੱਦੋਵਾਲ ਦੀ ਵਿਲੱਖਣਤਾ ਇਸ ਗੱਲ ਵਿੱਚ ਨਿਹਿਤ ਹੈ ਕਿ ਉਹ ਅਮਰੀਕੀ ਸਾਮਰਾਜ ਦੀ ਸਾਰੀ ਦੁਨੀਆਂ ਵਿੱਚ ਬਣਾਈ ਤਲਿਸਮੀ ਦਿੱਖ ਤੇ ਸ਼ਾਨ ਦੀ ਝੂਠੀ ਤਸਵੀਰ ਦਾ ਖੰਡਨ ਕਰਦਾ ਹੈ। ਕਵੀ ਅਮਰੀਕੀ ਲੋਕਾਂ ਦਾ ਉੱਥੋਂ ਦੇ ਮੂਲ ਨਿਵਾਸੀਆਂ (Natives) ਨਾਲ ਬਣਾਏ ਅਖੌਤੀ ਬਰਾਬਰੀ ਦੇ ਵਿਵਹਾਰਕ ਸਬੰਧਾਂ ਦੀ ਅਸਲੀਅਤ ਦੇ ਪਾਜ ਉਧੇੜਦਾ ਹੈ। ਕੁਦਰਤ ਦੀ ਕਰੋਪੀ ਵਿੱਚੋਂ ਪੈਦਾ ਹੋਏ ਸੰਕਟ

ਵੇਲੇ ਕਾਲੇ ਅਤੇ ਗੋਰੇ ਦਾ ਆਪਸੀ ਭੇਦ ਭਾਵ ਸਾਡੇ ਸਾਹਮਣੇ ਜੱਗ ਜ਼ਾਹਰ ਹੋ ਜਾਂਦਾ ਹੈ। ਭਾਵੇਂ ਕਿ ਅਮਰੀਕੀ ਪ੍ਰਬੰਧ ਵੱਖ ਵੱਖ ਭਾਈਚਾਰਿਆਂ ਦੀ ਸਾਂਝ ਦੀ ਗੱਲ ਕਰਦਾ ਹੈ ਪਰ ਅੰਦਰੋਂ ਇਸਦੀ ਬਿਲਕੁੱਲ ਮਾਨਵ ਵਿਰੋਧੀ ਤਸਵੀਰ ਉਜਾਗਰ ਹੁੰਦੀ ਹੈ। ਸ਼ਾਇਰ ਆਪਣੀ ਰਚਨਾ ਦ੍ਰਿਸ਼ਟੀ ਰਾਹੀਂ ਆਪਣੇ ਵਿਚਾਰ ਬੜੇ ਸਪੱਸ਼ਟ ਰੂਪ ਵਿੱਚ ਪੇਸ਼ ਕਰਦਾ ਹੈ:

ਕੈਟਰੀਨਾ ਦੇ

ਸਮੁੰਦਰੀ ਤੂਫਾਨੀ

ਹੜਾਂ ਨੇ

ਚਿੱਟੀ ਚਮੜੀ ਦਾ

ਕਾਲੀ ਚਮੜੀ ਪ੍ਰਤੀ

ਪ੍ਰਗਟ ਕੀਤਾ

ਅਖੌਤੀ ਬਰਾਬਰੀ

ਦਾ ਵਿਹਾਰ

ਕਾਲੇ ਗੋਰੇ

ਸਭ ਬਰਾਬਰ

ਕੋਈ ਨਾ ਕਰੇ ਵਿਚਾਰ

ਦਾ ਸਾਰਾ ਨੰਗ

ਜੱਗ ਜ਼ਾਹਿਰ ਹੋ ਗਿਆ

ਕਿ

ਨਿਊ-ਆਰਲੈਨਿਜ਼ ਦੇ

ਕਾਲੇ ਅਮਰੀਕਨ

ਅੱਜ ਵੀ

ਕਾਲੇ ਅਫ਼ਰੀਕਨ

ਹੀ ਸਮਝੇ ਗਏ[33]

**ਫੁਟਕਲ ਸਰੋਕਾਰ**

ਵਿਸ਼ਵੀਕਰਨ ਦਾ ਵਿਰੋਧ, ਪੰਜਾਬੀ ਸਮਾਜ-ਸਭਿਆਚਾਰ ਦੀ ਪੇਸ਼ਕਾਰੀ, ਨਾਰੀਵਾਦ, ਰਾਜਨੀਤਿਕ ਸਰੋਕਾਰ ਤੇ ਮਾਨਵਵਾਦ ਪਿਆਰਾ ਸਿੰਘ ਕੁੱਦੋਵਾਲ ਰਚਿਤ ਕਾਵਿ ਦੇ ਮੂਲ ਸਰੋਕਾਰ ਹਨ। ਇਸ ਤੋਂ ਇਲਾਵਾ ਉਸਦੀ ਕਵਿਤਾ ਵਿਚ ਹੋਰ ਵੀ ਕਈ ਲਘੂ ਸਰੋਕਾਰ ਜਿਵੇਂ, ਨੈਤਿਕ ਕਦਰਾਂ-ਕੀਮਤਾਂ ਦੀ ਅਹਿਮੀਅਤ, ਪਿਆਰ-ਅਨੁਭਵ, ਸਰਬਸਾਂਝੀਵਾਲਤਾ ਦਾ ਉਪਦੇਸ਼ ਨਿੱਜੀ ਸਰੋਕਾਰ ਵੀ ਵਿਸ਼ੇਸ਼ ਸਥਾਨ ਰੱਖਦੇ ਹਨ।

**ਨੈਤਿਕਤਾ**: ਨੈਤਿਕ ਕਦਰਾਂ ਕੀਮਤਾਂ ਸਾਡੇ ਵਿਅਕਤਿਤਵ ਨੂੰ ਉਭਾਰਦੀਆਂ ਹਨ। ਇਹ ਇੱਕ ਅਜਿਹਾ ਮੀਰੀ ਗੁਣ ਹੈ ਜਿਹੜਾ ਸਾਡੀ ਜ਼ਿੰਦਗੀ ਨੂੰ ਦਿਸ਼ਾਬੱਧ ਕਰਦਾ ਹੋਇਆ ਇਸਨੂੰ ਸੁਚਾਰੂ ਢੰਗ ਨਾਲ ਚਲਾਉਂਦਾ ਹੈ। ਇਹੀ ਗੁਣ ਸਾਡੇ ਅੰਦਰ ਮਾਨਵੀਂ ਮੁੱਲ ਪੈਦਾ ਕਰਦਾ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਨੈਤਿਕ ਕਦਰਾਂ ਕੀਮਤਾਂ ਨਾਲ ਪੂਰੀ ਤਰ੍ਹਾਂ ਲਬਰੇਜ਼ ਹੈ। ਉਹ ਨੈਤਿਕਤਾ ਨੂੰ ਜੀਵਨ ਦਾ ਮੂਲ ਆਧਾਰ ਮੰਨਦਾ ਹੈ:-

ਇੱਜ਼ਤ, ਧੋਖਾ, ਬੇਵਸਾਹੀ, ਬੇਵਫਾ

ਕਾਹਦਾ ਦੀਨ ਈਮਾਨ, ਇੱਕ ਇਤਬਾਰ ਬਿਨਾ।

ਧਨ ਦੌਲਤ ਘਰ-ਬਾਰ, ਤਾਂ ਬਣਦੇ ਰਹਿੰਦੇ ਨੇ

ਕੁੱਦੋਵਾਲ ਕੀ ਜੀਣਾ, ਇੱਕ ਸਤਿਕਾਰ ਬਿਨਾ।[34]

**ਮੋਹ-ਮੁਹੱਬਤ**: ਪਿਆਰਾ ਸਿੰਘ ਕੁੱਦੋਵਾਲ ਦਾ ਕਲਾਮ ਜਿੱਥੇ ਵਿਸ਼ਵ ਪੱਧਰ ਉੱਪਰ ਫ਼ੈਲੇ ਵੱਖੋ-ਵੱਖਰੇ ਸਰੋਕਾਰਾਂ ਦੀ ਗੱਲ ਕਰਦਾ ਹੈ, ਉੱਥੇ ਹੀ ਉਸਦੀ ਸ਼ਾਇਰੀ ਪਿਆਰ ਵਰਗੇ ਕੋਮਲ ਅਹਿਸਾਸ ਤੋਂ ਵੀ ਦੂਰ ਨਹੀਂ ਰਹਿੰਦੀ। ਉਹ ਪਿਆਰ ਵਿੱਚੋਂ ਪੈਦਾ ਹੋਣ ਵਾਲੀ ਸਕਰਾਤਮਕ ਊਰਜਾ ਨੂੰ ਮਹਿਸੂਸ ਕਰਦਾ ਹੈ। ਉਹ ਪਿਆਰ ਖਾਤਰ ਆਪਣਾ ਸਭ ਕੁਝ ਕੁਰਬਾਨ ਕਰ ਦੇਣਾ ਚਾਹੁੰਦਾ ਹੈ। ਕਵੀ ਮਾਨਵੀ ਸੰਕਲਪ ਦੀ ਹੋਂਦ ਅਤੇ ਪੂਰਤੀ ਲਈ ਪਿਆਰ ਨੂੰ ਅਹਿਮ ਮੰਨਦਾ ਹੋਇਆ ਇਸਦੇ ਅਹਿਸਾਸ ਨੂੰ ਪੂਰੀ ਦੁਨੀਆਂ ਅੰਦਰ ਭਰ ਦੇਣਾ ਚਾਹੁੰਦਾ ਹੈ:

ਮੁਹੱਬਤ

ਇੰਤਹਾ ਵੀ ਹੁੰਦੀ ਹੈ

ਬਗਾਵਤ ਵੀ

ਵਿਸ਼ਵਾਸ਼ ਵੀ

ਬੇਵਿਸਾਹੀ ਵੀ

ਮਿਲਦੀ ਹੈ

ਬੜੀ ਤਾਕਤ ਮੁਹੱਬਤ 'ਚੋਂ

ਜ਼ਮਾਨੇ ਨਾਲ ਟਕਰਾਉਣ ਦੀ

ਪਰ ਕਦੇ ਕਦੇ ਹੁੰਦੀ ਹੈ

ਜੱਗ ਹਸਾਈ ਵੀ[35]

**ਸਰਬ ਸਾਂਝੀਵਾਲਤਾ ਦਾ ਸੰਦੇਸ਼**

ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਦਾ ਅਧਿਐਨ ਕਰਦਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਸਦੀ ਕਵਿਤਾ ਬਹੁਪਰਤੀ ਪ੍ਰਵਚਨ ਦੀ ਧਾਰਨੀ ਹੈ। ਉਸਦੀ ਕਾਵਿ-ਦ੍ਰਿਸ਼ਟੀ ਜੀਵਨ ਦੇ ਵਿਸ਼ਾਲ ਕੈਨਵਸ ਤੱਕ ਫ਼ੈਲੀ ਹੋਈ ਹੈ। ਉਹ ਆਪਣੀ ਕਵਿਤਾ ਵਿੱਚ ਮਾਨਵ-ਵਿਰੋਧੀ ਸ਼ਕਤੀਆਂ ਨੂੰ ਭੰਡਦਾ ਹੈ ਅਤੇ ਸ਼ਾਂਤੀ ਅਤੇ ਸਰਬਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਇਸ ਕਾਰਜ ਲਈ ਉਹ ਨੈਤਿਕ ਕਦਰ ਪ੍ਰਬੰਧ ਨੂੰ ਜੀਵਨ ਦਾ ਆਧਾਰ ਮੰਨਦਾ ਹੈ। ਉਸਦੀ ਕਿਵਤਾ ਵਿੱਚ ਮਾਨਵ-ਮੁਕਤੀ ਦਾ ਸੰਕਲਪ ਗਹਿਰੇ ਰੂਪ ਵਿੱਚ ਪਿਆ ਹੋਇਆ ਹੈ। ਇਹੀ ਤੱਥ ਇਸ ਕਵਿਤਾ ਨੂੰ ਸਦੀਵੀ ਜਲੌਅ ਪ੍ਰਦਾਨ ਕਰਦਾ ਹੈ।

ਪਿਆਰਾ ਸਿੰਘ ਕੁੱਦੋਵਾਲ ਨਿਰੋਲ ਮਾਨਵਤਾ ਨੂੰ ਪ੍ਰਣਾਇਆ ਹੋਇਆ ਇੱਕ ਸੁਹਿਰਦ ਕਵੀ ਹੈ। ਉਸਦਾ ਕਾਵਿ-ਕੈਨਵਸ ਵਿਵਿਧ ਕਿਸਮ ਦੇ ਸਰੋਕਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਉਸਦੀ ਸ਼ਾਇਰੀ ਮਾਨਵੀ ਹੋਂਦ ਤੇ ਅਸਤਿਤਵੀ ਵੰਗਾਰਾਂ ਬਾਰੇ ਵਰਤਮਾਨ ਸਮਿਆਂ ਨਾਲ ਇੱਕ ਸੰਵਾਦ ਸਿਰਜਦੀ ਹੈ। ਉਸਦੀ ਕਵਿਤਾ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਮਸਲਿਆਂ ਨੂੰ ਪੇਸ਼ ਹੀ ਨਹੀਂ ਕਰਦੀ ਬਲਕਿ ਇੰਨ੍ਹਾਂ ਮਸਲਿਆਂ ਨਾਲ ਨਜਿੱਠਣ ਲਈ ਇੱਕ ਸੁਖਾਂਵਾਂ ਮਹੌਲ ਬਣਾਉਣ ਲਈ ਵੀ ਤਤਪਰ ਹੈ। ਜਿਥੇ ਉਹ ਪੰਜਾਬੀ

ਰਹਿਤਲ ਨਾਲ ਜੁੜੇ ਵਿਭਿੰਨ ਕਿਸਮ ਦੇ ਮਸਲਿਆਂ ਨੂੰ ਮੁਖਾਤਿਬ ਹੁੰਦਾ ਹੈ, ਉਥੇ ਪੱਛਮੀ ਸਮਾਜ-ਸਭਿਆਚਾਰ ਵਿੱਚ ਪੰਜਾਬੀ ਬੰਦੇ ਨੂੰ ਦਰਪੇਸ਼ ਵੰਗਾਰਾਂ ਨਾਲ ਵੀ ਦੋ ਚਾਰ ਹੁੰਦਾ ਹੈ। ਉਹ ਮਨੁੱਖਤਾ ਲਈ ਮਾਰੂ ਸਿੱਧ ਹੋ ਰਹੇ ਪੂੰਜੀਵਾਦੀ ਹਮਲਿਆਂ ਪ੍ਰਤੀ ਜਨ-ਸਾਧਾਰਣ ਨੂੰ ਚੇਤਨ ਕਰਦਾ ਹੋਇਆ ਆਪਣੇ ਕਾਵਿ-ਚਿੰਤਨ ਜ਼ਰੀਏ ਇਨ੍ਹਾਂ ਵਰਤਾਰਿਆਂ ਪ੍ਰਤੀ ਆਪਣੀ ਪ੍ਰਤੀਰੋਧੀ ਸੁਰ ਪ੍ਰਚੰਡ ਕਰਦਾ ਹੈ। ਇਹ ਸਰੋਕਾਰ ਉਸਦੀ ਕਵਿਤਾ ਨੂੰ ਸਿਖਰ ਵੱਲ ਲੈ ਜਾਂਦੇ ਹਨ।

## ਹਵਾਲੇ ਤੇ ਟਿੱਪਣੀਆਂ


1. ਰਣਧੀਰ ਸਿੰਘ, **ਵਿਸ਼ਵੀਕਰਨ ਦੇ ਬੁਨਿਆਦੀ ਸਰੋਕਾਰ, ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ,** (ਸੰਪਾ. ਡਾ. ਭੀਮ ਇੰਦਰ ਸਿੰਘ), ਯੂਨੀਸਟਾਰ ਬੁੱਕਸ, ਚੰਡੀਗੜ੍ਹ, 2013. ਪੰਨਾ 23
2. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015. ਪੰਨਾ 40
3. ਅਮਰਜੀਤ ਗਰੇਵਾਲ, **ਮੁਹੱਬਤ ਦੀ ਰਾਜਨੀਤੀ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017. ਪੰਨਾ 114
4. ਪਿਆਰਾ ਸਿੰਘ ਕੁੱਦੋਵਾਲ, ਉਹੀ, ਪੰਨਾ 34—36
5. ਉਹੀ, ਪੰਨਾ 46—47
6. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2009. ਪੰਨਾ 33
7. ਯੋਗਰਾਜ, **ਨਵੀਂ ਪੰਜਾਬੀ ਕਵਿਤਾ: ਪ੍ਰਤੀਰੋਧ ਦੇ ਨਵ ਸੰਦਰਭ**, ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ, 2018, ਪੰਨਾ 78
8. **ਸਮਿਆਂ ਤੋਂ ਪਾਰ**, ਉਹੀ, ਪੰਨਾ 33
9. ਉਹੀ, ਪੰਨਾ 23
10. **ਸੂਰਜ ਨਹੀਂ ਮੋਇਆ**, ਉਹੀ, ਪੰਨਾ 62
11. **ਸਮਿਆਂ ਤੋਂ ਪਾਰ**, ਉਹੀ, ਪੰਨਾ 55
12. ਸੁਖਦੇਵ ਸਿੰਘ, **ਕਾਵਿ ਸਰੋਕਾਰ**, ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ, 2017, ਪੰਨਾ 177
13. **ਸੂਰਜ ਨਹੀਂ ਮੋਇਆ**, ਉਹੀ, ਪੰਨਾ 125-126
14. **ਸਮਿਆਂ ਤੋਂ ਪਾਰ**, ਉਹੀ, ਪੰਨਾ 21
15. ਉਹੀ, ਪੰਨਾ 27
16. ਫਰੈਡਰਿਕ ਏਂਗਲਜ਼, **ਟੱਬਰ ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ**, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 2010, ਪੰਨਾ 80

17. **ਸਮਿਆਂ ਤੋਂ ਪਾਰ**, ਉਹੀ, ਪੰਨਾ 34

18. **ਸੂਰਜ ਨਹੀਂ ਮੋਇਆ**, ਉਹੀ, ਪੰਨਾ 21

19. ਉਹੀ, ਪੰਨਾ 42

20. ਜਸਪਾਲਜੀਤ, **ਨਾਰੀ ਚਿੰਤਨ ਤੇ ਪੰਜਾਬੀ ਕਵਿਤਾ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ. 2010. ਪੰਨਾ 77

21. **ਸੂਰਜ ਨਹੀਂ ਮੋਇਆ**, ਉਹੀ, ਪੰਨਾ 32

22. ਉਹੀ, ਪੰਨਾ 15

23. ਉਹੀ, ਪੰਨਾ 84

24. ਉਹੀ, ਪੰਨਾ 40-41

25. **ਸਮਿਆਂ ਤੋਂ ਪਾਰ**, ਉਹੀ, ਪੰਨਾ 44

26. ਉਹੀ, ਪੰਨਾ 40

27. ਜਸਵਿੰਦਰ ਸਿੰਘ, **ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ 174

28. **ਸਮਿਆਂ ਤੋਂ ਪਾਰ**, ਉਹੀ, ਪੰਨਾ 67

29. ਉਹੀ, ਪੰਨਾ 81

30. **ਸੂਰਜ ਨਹੀਂ ਮੋਇਆ**, ਉਹੀ, ਪੰਨਾ 98

31. ਉਹੀ, ਪੰਨਾ 78

32. ਸਤਿੰਦਰ ਸਿੰਘ, **ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ**, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980, ਪੰਨਾ 128

33. **ਸੂਰਜ ਨਹੀਂ ਮੋਇਆ**, ਉਹੀ, ਪੰਨਾ 88

34. **ਸਮਿਆਂ ਤੋਂ ਪਾਰ**, ਉਹੀ, ਪੰਨਾ 43

35. **ਸੂਰਜ ਨਹੀਂ ਮੋਇਆ**, ਉਹੀ, ਪੰਨਾ 95

# ਅਧਿਆਇ : ਤੀਜਾ

# ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ ਕਲਾ

ਰੂਪ ਅਤੇ ਵਸਤੂ ਦਾ ਸਬੰਧ ਅਨਿੱਖੜ ਹੈ। ਇਨ੍ਹਾਂ ਦੋਨਾਂ ਨੂੰ ਇਕ ਦੂਸਰੇ ਤੋਂ ਅਲੱਗ ਕਰਕੇ ਨਹੀਂ ਵਿਚਾਰਿਆ ਜਾ ਸਕਦਾ। ਭਾਰਤੀ ਤੇ ਪੱਛਮੀ ਵਿਦਵਾਨਾਂ ਵਿੱਚ ਬੜੇ ਲੰਮੇ ਸਮੇਂ ਤੋਂ ਇਹ ਬਹਿਸ ਚੱਲੀ ਆ ਰਹੀ ਹੈ ਕਿ ਆਖਰਕਾਰ ਇਨ੍ਹਾਂ ਦੋਨਾਂ ਵਿੱਚ ਕਿਸ ਨੂੰ ਪਹਿਲ ਦਿੱਤੀ ਜਾਵੇ। ਰੂਪ ਜਾਂ ਵਸਤੂ ਨੂੰ। ਰੂਪਵਾਦੀ, ਸੰਰਚਨਾਵਾਦੀ, ਨਵ-ਅਮਰੀਕੀ ਆਲੋਚਕ ਰੂਪ ਨੂੰ ਪਹਿਲਤਾ ਵਜੋਂ ਸਵੀਕਾਰ ਕਰਦੇ ਹਨ ਕਿਉਂਕਿ ਉਹ ਵਸਤੂ ਨੂੰ ਇਸ ਵਿੱਚੋਂ ਹੀ ਉਤਪੰਨ ਹੋਇਆ ਮੰਨਦੇ ਹਨ। ਉੱਥੇ ਹੀ ਮਾਰਕਸਵਾਦੀ ਚਿੰਤਕ ਵਸਤੂ ਨੂੰ ਪਹਿਲਤਾ ਦੇ ਅਧਾਰ ਤੇ ਰੱਖਦੇ ਹਨ। ਮਾਰਕਸਵਾਦੀ ਚਿੰਤਕ ਰੂਪ ਅਤੇ ਵਸਤੂ ਦਾ ਸਬੰਧ ਅਨਿੱਖੜ ਸਵੀਕਾਰ ਕਰਦੇ ਹਨ। ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਕਾਵਿ-ਕਿਰਤ ਦੋ ਪੱਖਾਂ ਦੀ ਪਰਸਪਰ ਏਕਤਾ ਤੇ ਨਿਰਭਰ ਕਰਦੀ ਹੈ। ਪਹਿਲਾਂ ਅੰਦਰੂਨੀ ਪੱਖ ਭਾਵ ਵਸਤੂ (Content) ਅਤੇ ਦੂਸਰਾ ਬਾਹਰੀ ਪੱਖ ਭਾਵ ਰੂਪ (Form)। ਕਿਸੇ ਵੀ ਕਾਵਿ-ਕਿਰਤ ਦੀ ਸੁਹਜਾਤਮਕ ਅਨੁਭੂਤੀ ਵਸਤੂ ਅਤੇ ਰੂਪ ਦੀ ਪਰਸਪਰ ਏਕਤਾ ਤੇ ਨਿਰਭਰ ਕਰਦੀ ਹੈ।

> ਰੂਪ/ਫਾਰਮ ਦੇ ਅੰਤਰਗਤ ਕਾਵਿ-ਕਿਰਤ ਦੀ ਬਨਾਵਟ, ਅਵਸਥਾ. ਦਸ਼ਾ ਜਾਂ ਸੰਗਠਨ ਆਦਿ ਨਾਲ ਸਬੰਧਤ ਸਾਰੀਆਂ ਸੰਰਚਨਾਤਮਕ ਵਿਸ਼ੇਸ਼ਤਾਵਾਂ ਆ ਜਾਂਦੀਆਂ ਹਨ। ਰੂਪ ਦੇ ਇਹ ਅਰਥ ਅੰਗਰੇਜ਼ੀ ਦੇ 'ਸਟਰਕਚਰ' (Structure) ਸ਼ਬਦ ਦੇ ਅਰਥਾਂ ਦੇ ਸਮਾਨਾਂਤਰ ਹਨ। ਰੂਪ ਦੇ ਕਈ ਅੰਦਰੂਨੀ ਅੰਗ ਵੀ ਹੁੰਦੇ ਹਨ ਜਿਵੇਂ:- ਬਿੰਬ, ਅਲੰਕਾਰ, ਪ੍ਰਤੀਕ, ਛੰਦ, ਵਾਕ, ਤਰਤੀਬ, ਸ਼ੈਲੀ ਆਦਿ। ਰੂਪ ਸ਼ਬਦ ਦਾ ਅਰਥ ਖੇਤਰ ਇਤਨਾ ਵਿਆਪਕ ਹੈ ਕਿ ਇਹ ਸਾਰੇ ਅੰਗ ਇਸ ਵਿੱਚ ਆ ਜਾਂਦੇ ਹਨ।[1]

ਕਾਵਿ-ਕਿਰਤ ਵਿੱਚ ਵਸਤੂ ਅਤੇ ਰੂਪ ਵਿੱਚ ਕਿਸਨੂੰ ਪ੍ਰਾਥਮਿਕਤਾ ਦਿੱਤੀ ਜਾਵੇ। ਇਹ ਚਰਚਾ ਭਾਰਤੀ ਤੇ ਪੱਛਮੀ ਕਾਵਿ-ਸ਼ਾਸਤਰੀਆਂ ਵਿੱਚ ਕਾਫ਼ੀ ਲੰਮੇ ਸਮੇਂ ਤੋਂ ਚੱਲਦੀ ਆ ਰਹੀ ਹੈ ਪਰੰਤੂ ਹੁਣ ਤੱਕ ਵੀ

ਇਸ ਪੱਖੋਂ ਕੋਈ ਨਿਸ਼ਚਿਤ ਅਧਾਰ ਨਹੀਂ ਬਣ ਸਕਿਆ। ਕਵਿਤਾ ਦੇ ਵਿਸ਼ਲੇਸ਼ਣ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਰੂਪ ਅਤੇ ਵਸਤੂ ਦੇ ਪਰਸਪਰ ਸਬੰਧਾਂ ਨੂੰ ਅਧਾਰ ਬਣਾਇਆ ਜਾਵੇ।

**ਕਾਵਿ-ਰੂਪ**

ਕਾਵਿ-ਰੂਪ ਕਵੀ ਦੇ ਵਿਚਾਰਾਂ, ਭਾਵਾਂ ਜਾਂ ਖਿਆਲਾਂ ਨੂੰ ਸੁਹਜ ਭਰਪੂਰ ਤੇ ਰੋਚਕ ਬਣਾਉਂਦੇ ਹਨ। ਕਵੀ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਕਈ ਵੱਖਰੇ ਕਾਵਿ ਰੂਪਾਂ ਦੀ ਵਰਤੋਂ ਕਰਦਾ ਹੈ ਤਾਂ ਜੋ ਉਸਦੀ ਸਾਹਿਤਕ ਕਿਰਤ ਸਾਹਿਤ ਦੇ ਖੇਤਰ ਵਿੱਚ ਆਪਣੀ ਇਕ ਵੱਖਰੀ ਪਹਿਚਾਣ ਬਣਾ ਸਕੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਚਾਰਾਂ/ਭਾਵਾਂ ਦਾ ਸੰਚਾਰ ਕੀਤਾ ਜਾ ਸਕੇ। ਪਿਆਰਾ ਸਿੰਘ ਕੁੱਦੋਵਾਲ ਨੇ ਆਪਣੇ ਖਿਆਲਾਂ ਦੀ ਅਭਿਵਿਅਕਤੀ ਲਈ ਖੁੱਲ੍ਹੀਆਂ ਕਵਿਤਾਵਾਂ ਦੀ ਵਰਤੋਂ ਬੜੀ ਕੁਸ਼ਲਤਾ ਪੂਰਵਕ ਕੀਤੀ ਹੈ।

**ਖੁੱਲ੍ਹੀ ਕਵਿਤਾ**

ਇਹ ਇਕ ਅਜਿਹਾ ਕਾਵਿ-ਰੂਪ ਹੈ ਜਿਸ ਵਿੱਚ ਪਰੰਪਰਾਗਤ ਛੰਦਾਬੰਦੀ ਦੇ ਵਿਧੀ-ਵਿਧਾਨ ਨੂੰ ਅਣਗੌਲਿਆਂ ਕਰਕੇ ਮੁਕਤ ਕਵਿਤਾ ਜਾਂ ਖੁੱਲ੍ਹੀ ਕਵਿਤਾ ਦੀ ਸਿਰਜਣਾ ਕੀਤੀ ਜਾਂਦੀ ਹੈ। ਕਵਿਤਾ ਦਾ ਇਹ ਰੂਪ ਪੱਛਮ ਦੇ ਕਾਵਿ ਰੂਪਾਂ ਵਿੱਚੋਂ ਪੈਦਾ ਹੋਇਆ ਹੈ। ਇਸਨੂੰ ਅੰਗਰੇਜ਼ੀ ਵਿੱਚ 'FREE VERSE' ਦਾ ਨਾਮ ਦਿੱਤਾ ਗਿਆ ਹੈ। ਪੰਜਾਬੀ ਕਵਿਤਾ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪ੍ਰੋ. ਪੂਰਨ ਸਿੰਘ ਦਾ ਨਾਂ ਇਸ ਖੇਤਰ ਵਿੱਚ ਉੱਘੇ ਕਵੀ ਵਜੋਂ ਸ਼ੁਮਾਰ ਹੈ। ਉਸਨੇ ਪਹਿਲੀ ਵਾਰ ਪੱਛਮੀ ਸਾਹਿਤ ਦੇ ਪ੍ਰਭਾਵ ਹੇਠ ਖੁੱਲ੍ਹੀ ਕਵਿਤਾ ਦੀ ਵਰਤੋਂ ਵੱਲ ਧਿਆਨ ਦਿੱਤਾ। ਆਪਣੇ ਵਿਚਾਰਾਂ ਨੂੰ ਖੁੱਲ੍ਹੇ-ਡੁੱਲ੍ਹੇ ਰੂਪ ਵਿੱਚ ਪੇਸ਼ ਕਰਨਾ ਹੀ ਖੁੱਲ੍ਹੀ ਕਵਿਤਾ ਦੇ ਘੇਰੇ ਵਿੱਚ ਆਉਂਦਾ ਹੈ। ਡਾ. ਸੁਤਿੰਦਰ ਸਿੰਘ ਖੁੱਲ੍ਹੀ ਕਵਿਤਾ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ-

> "ਇਹ ਉਹ ਕਾਵਿ ਪ੍ਰਕਾਰ ਹੈ ਜਿਸ ਵਿੱਚ ਨਾ ਤਾਂ ਛੰਦ ਅਤੇ ਨਾ ਹੀ ਤੁਕਾਂਤ ਦਾ ਕੋਈ ਧਿਆਨ ਰੱਖਿਆ ਜਾਂਦਾ ਹੈ। ਇਸ ਕਵਿਤਾ ਵਿੱਚ ਕਾਵਿ ਬੰਦਾਂ ਦੀ ਲੰਬਾਈ ਤੇ ਤੁਕਾਂਤ ਪ੍ਰਣਾਲੀ ਅਨਿਸ਼ਚਿਤ ਹੁੰਦੀ ਹੈ। ਕਾਵਿ ਪੰਕਤੀਆਂ ਵਿੱਚ ਕਿਸੇ ਖਾਸ ਨਿਯਮ ਦੀ ਪਾਲਣਾ ਨਹੀਂ ਕੀਤੀ ਜਾਂਦੀ ਹੈ। ਪੰਕਤੀਆਂ ਵੱਡੀਆਂ ਛੋਟੀਆਂ ਹੋ ਸਕਦੀਆਂ ਹਨ।"[2]

ਛੰਦ ਵਿਧਾਨ ਦੇ ਰਵਾਇਤੀ ਨਿਯਮਾਂ ਤੋਂ ਪਾਰ ਜਾ ਕੇ ਆਪਣੇ ਭਾਵਾਂ, ਖਿਆਲਾਂ ਨੂੰ ਪੇਸ਼ ਕਰਨਾ ਹੀ ਖੁੱਲ੍ਹੀ ਕਵਿਤਾ ਅਖਵਾਉਂਦੀ ਹੈ। ਪਿਆਰਾ ਸਿੰਘ ਕੁੱਦੋਵਾਲ ਨੇ ਇਸ ਕਾਵਿ ਰੂਪ ਨੂੰ ਆਪਣੇ ਮਨੋਭਾਵਾਂ ਦੀ ਤਰਜ਼ਮਾਨੀ ਕਰਨ ਲਈ ਬੜੇ ਕਲਾਮਈ ਢੰਗ ਨਾਲ ਵਰਤਿਆ ਹੈ:-

ਸੈਕਟਰੀ

ਜੋ ਰੋਜ਼ ਦੀ ਤਰ੍ਹਾਂ

ਕਦੇ ਚਾਹ

ਕਦੇ ਕੌਫ਼ੀ ਬਣਾਉਂਦੀ

ਕਦੇ ਫਾਇਲਾਂ ਪੜ੍ਹਦੀ

ਕਦੇ ਫਾਇਲਾਂ ਫੜਾਉਂਦੀ

ਕਦੇ ਕਾਲਾਂ ਸੁਣਦੀ

ਕਦੇ ਕਾਲਾਂ ਲਾਉਂਦੀ

ਬਾਸ ਤੋਂ ਡਰਦੀ

ਫਿਰ ਵੀ ਗਾਹਕਾਂ ਨਾਲ

ਮਿੱਠੀਆਂ ਮਿੱਠੀਆਂ ਗੱਲਾਂ ਕਰਦੀ

ਕੰਪਣੀ ਪਾਲਿਸੀ

"ਗ੍ਰਾਹਕ ਪਹਿਲਾਂ"

"ਗ੍ਰਾਹਕ ਸਦਾ ਸਹੀ"

ਦਾ ਪਾਲਣ ਕਰਦੀ ਕਰਦੀ

ਹਫ਼ ਚੁੱਕੀ ਸੀ।[3]

-----------------------------

ਮੈਂ

ਜਦ ਵੀ

ਫਰੀਮੋਂਟ ਸ਼ਹਿਰ ਦੇ

ਧੜਕਦੇ ਦਿਲ 'ਚ

ਸਥਿਤ ਪਾਰਕ ਵਿਚ

ਘੁੰਮਣ ਜਾਂਦਾ ਹਾਂ

ਪਤਾ ਨਹੀਂ ਕਿਉਂ

ਮੇਰੇ ਜ਼ਿਹਨ ਵਿਚ

ਕਿੱਕਰ ਉੱਗ ਆਉਂਦਾ ਹੈ।"[4]

**ਅਲੰਕਾਰ**

ਭਾਰਤੀ ਪ੍ਰਾਚੀਨ ਸਮੀਖਿਆ ਪ੍ਰਣਾਲੀ ਵਿੱਚ 'ਅਲੰਕਾਰ ਸਿਧਾਂਤ' ਇਕ ਵਿਸ਼ੇਸ਼ ਅਤੇ ਮਹੱਤਵਪੂਰਣ ਸਿਧਾਂਤ ਹੈ। ਇਸ ਸਿਧਾਂਤ ਦੇ ਅਨੁਸਾਰ ਕਾਵਿ ਦੀ ਆਤਮਾ 'ਅਲੰਕਾਰ' ਨੂੰ ਮੰਨਿਆ ਗਿਆ ਹੈ। ਅਲੰਕਾਰ ਸ਼ਾਸਤਰੀਆਂ ਦਾ ਮੰਨਣਾ ਹੈ ਕਿ 'ਅਲੰਕਾਰ' ਕਾਵਿ ਵਿੱਚ ਅਹਿਮ ਸਥਾਨ ਰਖਦਾ ਹੈ ਜਦਕਿ ਰਸ, ਵਕ੍ਰੋਕਤੀ. ਰੀਤੀ ਆਦਿ ਅਲੰਕਾਰ ਦੇ ਹੀ ਅੰਗ ਹਨ।

> "ਅਲੰਕਾਰ ਸ਼ਬਦ ਵਿੱਚ 'ਅਲੰ' ਤੇ 'ਕਾਰ' ਦੋ ਅੰਸ਼ ਹਨ। 'ਅਲੰ' ਦਾ ਮਤਲਬ ਹੈ ਗਹਿਣਾ, ਭੂਖਣ (ਭੂਸ਼ਣ) ਸਜਾਵਟ, ਸੁਹਜ, ਸਾਜ, ਸੱਜਾ। ਜਿਹੜਾ ਸਜਾਵੇ ਜਾਂ ਜਿਸਦੇ ਰਾਹੀਂ ਸਜਾਇਆ ਜਾਵੇ, ਉਹ ਅਲੰਕਾਰ ਹੈ।"[5]

ਅਲੰਕਾਰ ਕਵਿਤਾ ਨੂੰ ਖੂਬਸੂਰਤ ਬਣਾਉਂਦੇ ਹਨ। ਕਵੀ ਆਪਣੀਆਂ ਕਵਿਤਾਵਾਂ ਨੂੰ ਸੁਹਜ ਭਰਪੂਰ ਬਣਾਉਣ ਲਈ ਵੱਖੋ-ਵੱਖਰੇ ਅਲੰਕਾਰਾਂ ਦੀ ਵਰਤੋਂ ਕਰਦਾ ਹੈ। ਅਚਾਰੀਆ ਭਾਮਹ ਨੇ ਅਲੰਕਾਰ ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਕਵਿਤਾ ਅੰਦਰ ਸੁੰਦਰਤਾ ਪੈਦਾ ਕਰਨਾ ਹੀ ਅਲੰਕਾਰ ਦਾ ਪ੍ਰਮੁੱਖ ਗੁਣ ਹੈ। ਕਵੀ ਦੁਆਰਾ ਅਲੰਕਾਰਾਂ ਦੀ ਕੀਤੀ ਸੁਜੋਗ ਵਰਤੋਂ ਹੀ ਉਸਦੇ ਕਾਵਿ-ਕਰਮ ਨੂੰ ਨਿਖਾਰਦੀ ਹੈ।

ਅਲੰਕਾਰ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ।

1. ਸ਼ਬਦ ਅਲੰਕਾਰ
2. ਅਰਥ ਅਲੰਕਾਰ
3. ਸ਼ਬਦਾਰਥ ਅਲੰਕਾਰ

**(ੳ) ਸ਼ਬਦ ਅਲੰਕਾਰ**

ਕਵਿਤਾ ਵਿੱਚ ਸ਼ਬਦਾਂ ਰਾਹੀਂ ਚਮਤਕਾਰ ਪੈਦਾ ਕਰਨਾ ਸ਼ਬਦ ਅਲੰਕਾਰ ਕਹਾਉਂਦਾ ਹੈ। ਸ਼ਬਦ ਹੀ ਕਵੀ ਦੇ ਖਿਆਲਾਂ, ਭਾਵਾਂ, ਵਿਚਾਰਾਂ ਨੂੰ ਸੰਚਾਰਿਤ ਕਰਦੇ ਹਨ। ਸ਼ਬਦਾਂ ਦਾ ਗਿਆਨ ਤੇ ਇਨ੍ਹਾਂ ਦੀ ਸੁਚੱਜੀ ਵਰਤੋਂ ਹੀ ਕਵਿਤਾ ਨੂੰ ਵਿਲੱਖਣ ਤੇ ਭਾਵਪੂਰਤ ਬਣਾਉਂਦੀ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਵਿੱਚ ਸ਼ਬਦ ਅਲੰਕਾਰਾਂ ਦੀ ਭਰਪੂਰ ਵਰਤੋਂ ਹੋਈ ਹੈ।

**(ੳ1) ਅਨੁਪ੍ਰਾਸ ਅਲੰਕਾਰ:** ਇਹ ਇਕ ਸ਼ਬਦ ਅਲੰਕਾਰ ਹੈ। ਕਵਿਤਾ ਅੰਦਰ ਵਿਅੰਜਨਾਂ ਦੀ ਵਾਰ-ਵਾਰ ਵਰਤੋਂ ਤੇ ਇਕ ਸਮਾਨ ਤਰਤੀਬ ਅਨੁਪ੍ਰਾਸ ਅਲੰਕਾਰ ਕਹਾਉਂਦਾ ਹੈ। ਇਸ ਨਾਲ ਕਵਿਤਾ ਵਿੱਚ ਅਜਬ ਸੰਗੀਤ ਪੈਦਾ ਹੁੰਦਾ ਹੈ। ਅਨੁਪ੍ਰਾਸ ਦੇ ਛੇਕ ਅਨੁਪ੍ਰਾਸ, ਵ੍ਰਿਤ ਅਨੁਪ੍ਰਾਸ, ਸ਼੍ਰਤਿ ਅਨੁਪ੍ਰਾਸ, ਲਾਟ ਅਨੁਪ੍ਰਾਸ ਅਤੇ ਅੰਤ ਅਨੁਪ੍ਰਾਸ ਹੋਰ ਪੰਜ ਭੇਦ ਹਨ।

**ਸਮਝ ਸਮਝ** ਸਮਝਿਆ ਕੀ
ਔਖਾ ਸਮਝ 'ਚ ਆਉਣਾ ਹੈ
ਭੁੱਲਾਂ ਕਰਕੇ ਸਮਝ ਗਿਆ ਜੇ
ਫਿਰ ਨਾ ਭੁੱਲ ਸਤਾਉਂਣਾ ਹੈ।[6]

**ਵੀਪਸਾ ਅਲੰਕਾਰ:** ਇਹ ਵੀ ਇਕ ਸ਼ਬਦ ਅਲੰਕਾਰ ਹੈ। ਜਦੋਂ ਕਵੀ ਆਪਣੀ ਕਵਿਤਾ ਅੰਦਰ ਇਕ ਸ਼ਬਦ ਨੂੰ ਵਾਰ ਵਾਰ ਦੁਹਰਾਉਂਦਾ ਹੈ ਤਾਂ ਉੱਥੇ ਵੀਪਸਾ ਅਲੰਕਾਰ ਪ੍ਰਗਟ ਹੁੰਦਾ ਹੈ। ਸ਼ਬਦਾਂ ਦੀ ਦੁਹਰਾਉਮੂਲਕ ਪ੍ਰਵਿਰਤੀ ਹੀ ਵੀਪਸਾ ਅਲੰਕਾਰ ਨੂੰ ਜਨਮ ਦਿੰਦੀ ਹੈ:

ਕਿਸੇ ਦੇ ਕੋਠੇ, **ਚੋ ਚੋ** ਪੈਂਦੇ
ਕਿਸੇ ਦੇ ਬਣ ਆਈ ਸੌਗਾਤ,
ਮੁੱਖ ਤੇ ਚਮਕਣ, ਤੇਰੇ ਤਾਰੇ
**ਚਾਨਣ ਚਾਨਣ**, ਹੋ ਗਈ ਰਾਤ,
ਸਾਥੋਂ **ਪੁੱਛ ਪੁੱਛ**, ਅੱਗੇ ਲੰਘੇ
ਯਾਰਾ ਸਾਨੂੰ, ਪਾਈ ਮਾਤ।[7]

ਮੈਂ ਜਾਗਦਾ ਸੜ੍ਹਦੀ ਧੁੱਪੇ

ਸੜਕ ਕਿਨਾਰੇ ਪੱਥਰ ਕੁੱਟਦਾ

ਸੁਫ਼ਨਾ ਵੇਖਾਂ ਮਨ ਹੀ ਮਨ ਹੱਸਦਾ ਜਾਵਾਂ

ਜਮਾਦਾਰ ਬੱਸ **ਬੁੜ ਬੁੜ** ਕਰਦਾ

ਮੁੜਿਆ ਜਾਂਦਾ **ਮੁੜ ਮੁੜ** ਕਰਦਾ

ਪਰ ਨਾ ਵੇਖੇ ਮੇਰਾ ਸੁਫ਼ਨਾ

ਸੜਕ ਕਿਨਾਰੇ।[8]

ਖੇਤ ਬੰਜਰ ਹੋ ਰਹੇ ਨੇ, ਦੇਸ਼ ਦੇ

**ਬੰਜਰ ਬੰਜਰ** ਹੋ ਰਿਹਾ, ਕਿਰਦਾਰ ਹੈ

ਲੁੱਟਣ ਨੂੰ ਤਾਂ ਬਹੁਤ ਇਸ ਸ਼ਹਿਰ ਵਿੱਚ

**ਵਿਰਲਾ ਵਿਰਲਾ** ਲੱਭਦਾ, ਮੱਦਦਗਾਰ ਹੈ।[9]

**ਉਪਮਾ ਅਲੰਕਾਰ:** ਉਪਮਾ ਅਰਥ ਅਲੰਕਾਰ ਹੈ। ਜਦੋਂ ਇਕ ਵਸਤੂ ਦੀ ਦੂਸਰੀ ਵਸਤੂ ਨਾਲ ਉਨ੍ਹਾਂ ਦੇ ਸਾਂਝੇ ਗੁਣਾਂ ਦੇ ਅਧਾਰ ਤੇ ਤੁਲਨਾ ਕੀਤੀ ਜਾਵੇ ਤਾਂ ਉਹ ਉਪਮਾ ਅਲੰਕਾਰ ਕਹਾਉਂਦਾ ਹੈ। ਉਪਮਾ ਉਹ ਅਲੰਕਾਰ ਹੈ ਜਿੱਥੇ ਉਪਮਾਉਣ ਯੋਗ ਵਸਤੂ ਉਪਮੇਯ ਅਤੇ ਉਪਮਾਨ ਵਿਚਕਾਰ, ਉਨ੍ਹਾਂ ਵਿੱਚ ਫਰਕ ਹੋਣ ਉਤੇ ਵੀ ਕਿਸੇ ਸਮਾਨ ਧਰਮ ਗੁਣ ਦੇ ਕਾਰਣ ਸਾਂਝ ਸਮਾਨਤਾ ਦਰਸਾਈ ਜਾਵੇ। ਉਪਮਾ ਵਿਚ ਚਾਰ ਤੱਤਾਂ ਦਾ ਹੋਣਾ ਜ਼ਰੂਰੀ ਹੈ : ਉਪਮੇਯ, ਉਪਮਾਨ, ਸਾਂਝਾ ਧਰਮ, ਅਤੇ ਵਾਚਕ। ਜਿਥੇ ਇਹ ਚਾਰੇ ਤੱਤ ਹੋਣ ਉਹ 'ਪੂਰਣ ਉਪਮਾ' ਹੈ ਅਤੇ ਜਿਥੇ ਇਨ੍ਹਾਂ ਵਿੱਚੋਂ ਕਿਸੇ ਇਕ ਦੋ ਜਾਂ ਤਿੰਨਾਂ ਦਾ ਲੋਪ ਹੋਵੇ ਉਹ 'ਲੁਪਤ ਉਪਮਾ' ਹੈ[10]

ਤੁਰੇ ਫਿਰਦੇ ਲੋਕ

ਮੈਨੂੰ ਹਲਕੀ ਹਲਕੀ ਹਵਾ ਨਾਲ

ਕੰਡਿਆਲੀਆਂ ਪਪੋਲੀਆਂ

ਦੇ ਫੁੱਲਾਂ ਵਰਗੇ ਚਿਹਰੇ

ਕੰਡਿਆਂ ਤੋਂ ਵੱਧ

ਦਰਦ ਵਿੰਨੇ ਜ਼ਹਿਰੀਲੇ ਬੋਲ

ਜੋ ਤੁਹਾਡੇ ਦਿਲ ਦਿਮਾਗ

ਤੇ ਰੋਮ ਰੋਮ ਵਿੱਚ ਚੁੱਭ ਜਾਣ

ਕਿਸ ਤਰ੍ਹਾਂ ਚੁਣੋਗੇ[11]

ਨਦੀ ਜਨਮ ਤੋਂ ਸੁੱਟੀ ਜਾਵੇ

ਕੰਢਿਆਂ ਅੰਦਰ ਕੁੱਟੀ ਜਾਵੇ

ਮੁੜ ਕਦ ਵੰਞਣਾਂ ਜੰਮਣ ਭੋਇੰ

ਜਾਣਾ ਦੂਰ ਗਰਾਂ ਵੇ ਲੋਕਾ

ਕੀ ਨਦੀਆਂ ਦਾ ਨਾਂ ਵੇ ਲੋਕਾ[12]

**ਅਤਿਕਥਨੀ ਅਲੰਕਾਰ:** ਅਤਿਕਥਨੀ ਅਲੰਕਾਰ ਉੱਥੇ ਪੈਦਾ ਹੁੰਦਾ ਹੈ ਜਿੱਥੇ ਕਵੀ ਆਪਣੀ ਕਲਪਨਾ ਸ਼ਕਤੀ ਦੇ ਜ਼ਰੀਏ ਆਪਣੇ ਖਿਆਲਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੈ। ਕਿਸੇ ਵਸਤੂ ਜਾਂ ਤੱਥ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਅਤਿਕਥਨੀ ਅਲੰਕਾਰ ਕਹਾਉਂਦਾ ਹੈ। ਇਸਦੀ ਵਰਤੋਂ ਨਾਲ ਕਵੀ ਆਪਣੀ ਰਚਨਾ ਵਿੱਚ ਇਕ ਅਜਿਹਾ ਅਲੋਕਿਕ ਮਾਹੌਲ ਸਿਰਜਦਾ ਹੈ ਕਿ ਪਾਠਕ ਸੁਪਨਮਈ ਸੰਸਾਰ ਦੀ ਯਾਤਰਾ ਕਰਨ ਲੱਗਦਾ ਹੈ:

ਅਚਾਨਕ ਪਪੋਲੀ ਦੇ ਫੁੱਲ

ਮੇਰੇ ਕੋਲ ਆ ਰੁਕਦੇ ਨੇ

ਇਕ ਦੂਜੇ ਵੱਲ ਤੱਕਦੇ ਨੇ

ਪਾਗਲ ਲੱਗਦੈ ਕਹਿਕੇ

ਅਗਾਂਹ ਤੁਰ ਜਾਂਦੇ ਨੇ।[13]

--------------------------------

ਭਰਾਂਤੀਆਂ ਦਾ

ਉਇਆ ਇਕ ਜਾਲ ਹਾਂ

ਇਸ ਲੰਮੇ ਚੌੜੇ ਡੂੰਘੇ

ਵਾਯੂਮੰਡਲ ਵਿੱਚ

ਅਣੂਆਂ ਦਾ ਬਲਦਾ

ਹੋਇਆ ਇਕ ਥਾਲ ਹਾਂ

ਸ਼ੀਸ਼ਿਆਂ ਦੀ ਕੈਦ ਵਿੱਚ

ਹੈ ਪਿਆਸ

ਅੱਗ ਦੇ ਪਰਦਿਆਂ ਵਿੱਚ

ਛੁਪੇ ਹਨ ਅਹਿਸਾਸ।[14]

**ਰਸ**

ਰਸ ਕਵਿਤਾ ਵਿੱਚ ਵਿਸ਼ੇਸ਼ ਤੇ ਮਹੱਤਵਪੂਰਣ ਸਥਾਨ ਰੱਖਦੇ ਹਨ। ਰਸ ਪਾਠਕ ਲਈ ਕਵਿਤਾ ਵਿੱਚ ਵੱਖਰੇ-ਵੱਖਰੇ ਭਾਵ ਪੈਦਾ ਕਰਦੇ ਹਨ। ਭਾਰਤੀ ਕਾਵਿ ਸ਼ਾਸਤਰ ਅਨੁਸਾਰ ਰਸ ਨੂੰ ਕਵਿਤਾ ਦਾ ਆਤਮ ਤੱਤ ਮੰਨਿਆ ਗਿਆ ਹੈ। ਅਚਾਰੀਆ ਭਰਤ ਮੁਨੀ ਨੇ ਰਸ ਨੂੰ ਕਵਿਤਾ ਦੀ ਆਤਮਾ ਮੰਨਿਆ ਹੈ। ਕਵਿਤਾ ਪੜ੍ਹਦਿਆਂ ਜਦੋਂ ਪਾਠਕ ਨੂੰ ਇਕ ਅਲੋਕਿਕ ਅਹਿਸਾਸ ਹੋਣ ਲੱਗਦਾ ਹੈ ਤਾਂ ਉੱਥੇ ਰਸ ਦੀ ਉਤਪੱਤੀ ਹੁੰਦੀ ਹੈ। ਰਸ ਕਵਿਤਾ ਨੂੰ ਸੁਹਜ ਭਰਪੂਰ ਤੇ ਰੋਚਕ ਬਣਾਉਣ ਦਾ ਕੰਮ ਕਰਦਾ ਹੈ। ਕਵਿਤਾ ਵਿੱਚ ਰਸ ਦਾ ਹੋਣਾ ਬੜਾ ਲਾਜ਼ਮੀ ਤਸੱਵੁਰ ਕੀਤਾ ਗਿਆ ਹੈ ਅਤੇ ਇਸ ਤੋਂ ਬਿਨਾਂ ਕਵਿਤਾ ਆਪਣਾ ਸਾਹਿਤਕ ਮਿਆਰ ਹਾਸਲ ਨਹੀਂ ਕਰ ਸਕਦੀ। ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਅੰਦਰ ਹੇਠ ਲਿਖੇ ਰਸ ਵਰਤੇ ਗਏ ਹਨ।

**ਸ਼ਿੰਗਾਰ ਰਸ:** ਸ਼ਿੰਗਾਰ ਰਸ ਨੂੰ ਬਾਕੀ ਰਸਾਂ ਨਾਲੋਂ ਉੱਤਮ ਤੇ ਵਿਸ਼ੇਸ਼ ਮੰਨਿਆ ਗਿਆ ਹੈ। ਇਸਦਾ ਸਥਾਈ ਭਾਵ ਪਿਆਰ ਹੈ। ਇਸਦੇ ਜ਼ਰੀਏ ਨਾਇਕ ਜਾਂ ਨਾਇਕਾ ਦੇ ਪਿਆਰ ਦਾ ਵਰਣਨ ਕੀਤਾ ਜਾਂਦਾ ਹੈ। ਇਸ ਰਸ ਦਾ ਸਬੰਧ ਖ਼ੂਬਸੂਰਤੀ ਤੇ ਸ਼ਿੰਗਾਰ ਨਾਲ ਹੈ।

ਅਭਿਨਵ ਗੁਪਤ ਦੇ ਅਨੁਸਾਰ "ਸ਼ਿੰਗਾਰ ਸ਼ਬਦ ਦੀ ਰਚਨਾ ਸ੍ਰਿੰਗ ਅਤੇ ਆਰ ਚਲਣ ਅਰਥ ਵਿਚ 'ਰਿ' ਧਾਤੂ ਤੋਂ ਬਣਦਾ ਹੈ। ਸਾਹਿਤਯ ਦਰਪਣ ਵਿਚ ਲਿਖਿਆ ਹੈ ਕਿ ਕਾਮਦੇਵ ਦੇ ਫੁਟਣ ਨੂੰ ਸ੍ਰਿੰਗ ਕਹਿੰਦੇ ਹਨ"।[15]

ਸਭ ਤੋਂ ਵੱਧ

ਉਹਦੇ ਲੱਕ ਦੇ ਕੂਹਲਿਆਂ ਤੋਂ

ਹੇਠਾ ਕਰਕੇ ਪਾਈ ਪੈਂਟ

ਉੱਚੀ ਕਰਕੇ ਪਾਈ ਸ਼ਰਟ

ਜਿਸ ਕਰਕੇ

ਉਹਦੀ ਨਾਭੀ ਦੇ

ਹੇਠਾਂ ਕਰਕੇ

ਸੱਜੇ ਪਾਸੇ

ਸੋਨ ਚਮੜੀ

ਤੇ ਚਿਪਕਾਇਆ

ਮਹਿੰਦੀ ਦਾ ਗੁਲਾਬ

ਹੋਰ ਵੀ ਮਹਿਕਾਂ ਵੰਡੇ।[16]

ਸ਼ਿੰਗਾਰ ਰਸ ਦੀਆਂ ਦੋ ਕਿਸਮਾਂ ਮੰਨੀਆਂ ਗਈਆਂ ਹਨ:

- ਸੰਯੋਗ ਰਸ
- ਵਿਯੋਗ ਰਸ

**ਸੰਯੋਗ ਰਸ:** ਸੰਯੋਗ ਤੋਂ ਭਾਵ ਹੈ ਮਿਲਾਪ। ਕਵਿਤਾ ਵਿੱਚ ਨਾਇਕ ਜਾਂ ਨਾਇਕਾ ਦੇ ਆਪਸੀ ਪਿਆਰ ਸਬੰਧਾਂ ਨੂੰ ਪ੍ਰਗਟਾਉਣ ਲਈ ਮੇਲ ਮਿਲਾਪ ਦੀ ਸਥਿਤੀ ਪੇਸ਼ ਕੀਤੀ ਜਾਂਦੀ ਹੈ। ਇਹ ਜੀਵਨ ਦੇ ਸੁਖਾਂਤਕ ਪਲਾਂ ਨੂੰ ਪੇਸ਼ ਕਰਦਾ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਵਿੱਚ ਸੰਯੋਗ ਰਸ ਦੀ ਵਰਤੋਂ ਹੋਈ ਮਿਲਦੀ ਹੈ। ਜਿਵੇਂ:-

ਤੈਨੂੰ ਮਿਲਣਾ ਬਾਕੀ, ਤੂੰਹੀਓ ਰੂਹ ਦੀ ਮੰਜਲ।

ਤੂੰਹੀਓ ਸੰਗੀ ਸਾਥੀ, ਤੂੰਹੀਓ ਰੂਹ ਦੀ ਮੰਜਲ।

ਹੁਣ ਤੱਕ ਯਾਦ ਹੈ ਮੈਨੂੰ, ਤੇਰੀ ਇੱਕ ਇੱਕ ਗੱਲ

ਤੈਨੂੰ ਲੱਭਦਾ ਫਿਰਿਆ, ਤੂੰਹੀਓਂ ਰੂਹ ਦੀ ਮੰਜਲ ।

ਤੇਰੇ ਨਾਲ ਮੁਹੱਬਤਾਂ, ਸ਼ਿਕਵਾ ਤੇਰੇ ਨਾਲ

ਤੇਰਾ ਸੰਗ ਨਾ ਛੱਡਣਾ, ਤੂੰਹੀਓ ਰੂਹ ਦੀ ਮੰਜਲ।[17]

-------------------------------

ਮੇਰੇ ਘਰ ਤੇਰਾ ਆਣਾ, ਹਾਦਸਾ ਕਿ ਲਕੀਰ

ਇਸਨੂੰ ਮੈਂ ਕਿਸਮਤ ਕਹਾਂ, ਜਾਂ ਮੇਰੀ ਬਿਨੈ ਲਿਖਾਂ।

ਹਰ ਪਲ ਲੰਘਿਆ ਤੇਰੇ ਸੰਗ, ਇੱਕ ਕਹਾਣੀ ਦੱਸਦਾ

ਹਰ ਕਹਾਣੀ ਦੇ ਅੰਤ ਵਿੱਚ, ਦਸ ਮੈਂ ਕਿਸਦਾ ਨਾਂ ਲਿਖਾਂ।

ਪਗਡੰਡੀਆਂ, ਸੜਕਾਂ, ਨਹਿਰਾਂ, ਸਮੁੰਦਰ ਮਾਣੇਂ ਸੱਭ

ਉਹਨਾਂ ਸਾਰੀਆਂ ਪੈੜ੍ਹਾਂ ਨੂੰ, ਅੱਜ ਮੈਂ ਤੇਰੇ ਨਾਂ ਲਿਖਾਂ।[18]

**ਵਿਯੋਗ ਰਸ:** ਵਿਯੋਗ ਤੋਂ ਭਾਵ ਹੈ ਵਿੱਛੜਣਾ। ਕਵਿਤਾ ਅੰਦਰ ਪ੍ਰੇਮੀ ਅਤੇ ਪ੍ਰੇਮਿਕਾ ਦੇ ਵਿਯੋਗ ਵੇਲੇ ਉਤਪੰਨ ਹੋਈਆਂ ਭਾਵਪੂਰਤ ਪ੍ਰਸਥਿਤੀਆਂ ਦਾ ਵਰਣਨ ਵਿਯੋਗ ਰਸ ਦੁਆਰਾ ਸੰਭਵ ਹੁੰਦਾ ਹੈ। ਕਵੀ ਆਪਣੇ ਨਿੱਜੀ ਅਨੁਭਵ ਵਿੱਚੋਂ ਗ੍ਰਹਿਣ ਕੀਤੇ ਅਤਿ ਸੰਵੇਦਨਸ਼ੀਲ ਪਲਾਂ ਨੂੰ ਯਾਦ ਕਰਦਾ ਹੋਇਆ ਭਾਵਨਾਤਮਕ ਪੱਧਰ ਤੇ ਇਸ ਸੰਯੋਗ ਰਸ ਦੀ ਪੇਸ਼ਕਾਰੀ ਕਰਦਾ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਵਿੱਚ ਵਿਯੋਗ ਰਸ ਦੀ ਕਈ ਥਾਵਾਂ ਤੇ ਵਰਤੋਂ ਹੋਈ ਮਿਲਦੀ ਹੈ:

ਤੇਰੇ ਘਰ ਤੋਂ ਦੂਰ, ਜਦੋਂ ਦਾ ਹੋਇਆ ਹੈ ।

ਲੋਕਾਂ ਲਈ ਹੈ ਜਿੰਦਾ, ਐਪਰ ਮੋਇਆ ਹੈ ।

ਤੂੰ ਸੂਰਜ ਤਾਂ, ਰੌਸ਼ਨ ਚਾਰ ਚੁਫੇਰਾ ਸੀ

ਬਿਨ ਤੇਰੇ ਤਾਂ, ਬੱਸ ਹਨ੍ਹੇਰਾ ਢੋਇਆ ਹੈ।

ਤੇਰੇ ਨਾਲ ਤਾਂ, ਦੁੱਖ ਵੀ ਸੀ ਫੁੱਲ ਵਰਗਾ

ਬਿਨ ਤੇਰੇ ਤਾਂ, ਸੁੱਖ ਵੀ ਤਪਦਾ ਲੋਹਿਆ ਹੈ।[19]

**ਕਰੁਣਾ ਰਸ:** ਕਰੁਣਾ ਰਸ ਦਾ ਸਥਾਈ ਭਾਵ ਹੈ ਸ਼ੋਕ। ਇਸ ਵਿੱਚ ਸ਼ੋਕਗ੍ਰਸਤ ਕਿਸੇ ਘਟਨਾ ਦਾ ਵਰਣਨ ਕੀਤਾ ਜਾਂਦਾ ਹੈ ਜਿਸ ਵਿੱਚ ਦੁੱਖ, ਹਾਨੀ ਜਾਂ ਕਿਸੇ ਦੀ ਮੌਤ ਕਾਰਨ ਪੈਦਾ ਹੋਏ ਦੁਖਦਾਈ ਮਾਹੌਲ ਨੂੰ ਸਿਰਜਿਆ ਗਿਆ ਹੁੰਦਾ ਹੈ। ਇਸ ਰਸ ਦਾ ਸੰਬੰਧ ਸਾਡੀਆਂ ਮਾਨਸਿਕ ਪ੍ਰਸਥਿਤੀਆਂ ਦੀ ਇਕ ਕਿਸਮ ਵਾਤਸੱਲਿਆ/ਪਿਆਰ ਨਾਲ ਹੁੰਦਾ ਹੈ। ਭਾਵਨਾਤਮਕ ਤੌਰ ਤੇ ਟੁੰਭੇ ਗਏ ਪਲਾਂ ਦਾ ਯਾਦ ਆ ਜਾਣਾ, ਕਿਸੇ ਪਿਆਰੇ ਵਿਅਕਤੀ ਦਾ ਜ਼ਿੰਦਗੀ ਤੋਂ ਦੂਰ ਚਲੇ ਜਾਣਾ, ਭਾਵ ਕਿ ਗਮਗੀਨ ਮਾਹੌਲ ਦਾ ਆਲਮ ਬਣਕੇ ਸਾਡੀਆਂ ਅੱਖਾਂ ਮੂਹਰੇ ਆ ਜਾਣਾ ਕਰੁਣਾ ਰਸ ਪੈਦਾ ਕਰਦਾ ਹੈ। ਆਚਾਰੀਆ ਵਿਸ਼ਵਨਾਥ ਨੇ ਵੀ ਲਿਖਿਆ ਹੈ ਕਿ "ਮਨਚਾਹੀ ਵਸਤੂ ਦੀ ਹਾਨੀ ਅਤੇ ਅਣਚਾਹੀ ਵਸਤੂ ਦੀ ਪ੍ਰਾਪਤੀ ਤੋਂ ਜਿੱਥੇ ਸ਼ੋਕ ਭਾਵ ਦੀ ਪੁਸ਼ਟੀ ਹੋਵੇ ਉੱਥੇ ਕਰੁਣਾ ਰਸ ਹੁੰਦਾ ਹੈ। ਇਸ ਦਾ ਰੰਗ ਕਬੂਤਰ ਵਾਂਗ ਹੁੰਦਾ ਹੈ ਅਤੇ ਇਸਦਾ ਦੇਵਤਾ ਯਮ ਹੈ"।[18]

ਮਾਂ ਮੁੜ ਕੇ ਹੁਣ ਮਿਲਣੀ ਨਹੀਓ

ਨਿੱਤ ਯਾਦ ਕਰਾਂ ਨਾਲੇ ਝੂਰਾਂ।

ਰੱਬ ਵਰਗਾ ਤੇਰਾ ਹੱਥ ਮੇਰੇ ਸਿਰ

ਬੋਲ ਜਿਉਂ ਸ਼ਹਿਦ ਖਜੂਰਾਂ।

ਮਾਂ ਵਰਗਾ ਨਾ ਰਿਸ਼ਤਾ ਕੋਈ

ਇਉਂ ਲਿਖੀਆਂ ਰੱਬ ਤਕਦੀਰਾਂ।

ਮਾਂ ਟੁਰ ਜਾਏ ਫਿਰ ਮਿਲਦੀ ਨਹੀਓਂ,

ਲੱਖਾਂ ਯਤਨ ਕਰੋ ਤਦਬੀਰਾਂ।[20]

**ਰੌਦਰ ਰਸ:** ਇਸ ਰਸ ਦਾ ਸਥਾਈ ਭਾਵ ਕ੍ਰੋਧ ਹੈ। ਅਮਾਨਵੀ ਘਟਨਾਵਾਂ ਤੇ ਅਣਉਚਿਤ ਵਿਵਹਾਰ ਨੂੰ ਪੇਸ਼ ਕਰਦੀ ਕਵਿਤਾ ਪੜ੍ਹਦਿਆਂ ਜਦੋਂ ਪਾਠਕ ਦੇ ਮਨ ਵਿੱਚ ਕ੍ਰੋਧ, ਗੁੱਸਾ, ਅਪਮਾਨਜਨਕ ਹਰਕਤ, ਬੇਇੱਜ਼ਤੀ ਦੇ ਖਿਲਾਫ਼ ਲੜਣ ਦਾ ਜੋਸ਼ ਪੈਦਾ ਹੁੰਦਾ ਹੈ ਤਾਂ ਉੱਥੇ ਰੌਦਰ ਰਸ ਉਤਪੰਨ ਹੁੰਦਾ ਹੈ।

- ਕੁਝ ਜਨੂੰਨੀ, ਕੁਝ ਭਾੜੇ ਦੇ ਟੱਟੂ

  ਤਲਵਾਰਾਂ, ਟਕੂਏ ਹੱਥ ਫੜੀ

  ਤਿੱਖੀਆਂ ਤ੍ਰਿਸ਼ੂਲਾਂ ਮੋਢੇ ਟੰਗੀ

  ਸ਼ਾਤ ਵੱਸਦੇ ਲੋਕਾਂ ਤੇ ਹਮਲੇ ਕਰਦੇ

  ਅੱਗਾਂ ਲਾਉਂਦੇ, ਭੰਨ ਤੋੜ ਕਰਦੇ

  ਗਲਾਂ ਵਿੱਚ ਟਾਇਰ ਪਾ,

  ਪੈਟਰੋਲ ਪਾ, ਮਾਸੂਮ ਲੋਕਾਂ ਨੂੰ

  ਮਾਰਦੇ, ਜ਼ਿੰਦਾ ਜਲਾਉਂਦੇ

  ਇੱਜ਼ਤਾਂ ਲੁੱਟਦੇ, ਪੱਤਾਂ ਲਾਹੁੰਦੇ

  ਖਿੱਲੀ ਪਾਉਂਦੇ, ਲੋਕਤੰਤਰ ਰਚਾਉਂਦੇ

  ਇਕ ਥਾਂ, ਇਕ ਬਿੰਦੂ ਤੇ

  ਰੁੱਕ ਚੁੱਕੇ ਨੇ, ਮੁੱਕ ਚੁੱਕੇ ਨੇ।[21]

- ਇੱਕ ਢਾਣੀ, ਆਪਣੇ ਹੀ, ਸ਼ਹਿਰ ਚਲੀ ਦੋਸਤੋ।

  ਅੱਗ ਅੱਗ ਖੇਡਦੀ, ਗਲੀ ਗਲੀ ਦੋਸਤੋ।

  ਖਿੜ ਰਹੀ ਰਾਤ ਦੀ ਰਾਣੀ ਸੀ ਬੇਖ਼ਬਰ

  ਰੁੱਤ ਐਸੀ ਮਸਲ ਦਿੱਤੀ ਹਰ ਕਲੀ ਦੋਸਤੋ

  ਜੰਮ ਨਾ ਦਏ ਕਿਤੇ, ਲੋਕਾਂ ਦਾ ਵਾਰਸ

  ਪੇਟ ਤੋਂ ਸੀ, ਜੋ ਵੀ ਔਰਤ ਦਲੀ ਦੋਸਤੋ।[22]

**ਭਿਆਨਕ ਰਸ:** ਡਰ ਜਾਂ ਭੈਅ ਇਸ ਰਸ ਦਾ ਸਥਾਈ ਭਾਵ ਹੈ। ਕਲਪਿਤ ਜਾਂ ਕਾਲਪਨਿਕ, ਵਰਤਮਾਨੀ ਜਾਂ ਭੂਤ ਕਾਲੀ ਸਾਹਿਤ ਪੜ੍ਹਦਿਆਂ ਜਦੋਂ ਪਾਠਕ ਦੇ ਮਨ ਵਿੱਚ ਕਿਸੇ ਡਰਾਉਣੀ ਆਵਾਜ਼ ਦੀ ਧੁਨੀ ਸੁਣਾਈ ਜਾਂਦੀ ਹੈ ਜਾਂ ਫ਼ਿਰ ਦਿਲ ਦਹਿਲਾਉ ਮਾਹੌਲ ਦਾ ਵਰਣਨ ਕਰਕੇ ਕੁਝ ਸਮੇ ਲਈ ਸਾਡੇ ਖ਼ਿਆਲਾਂ ਨੂੰ ਸਹਿਮ ਜਾਂ

ਡਰ ਦੇ ਆਲਮ ਵਿੱਚ ਖੜ੍ਹਾ ਕੀਤਾ ਜਾਂਦਾ ਤਾਂ ਅਜਿਹੇ ਮਾਹੌਲ ਵਿੱਚ ਇਸ ਰਸ ਦੀ ਅਨੁਭੂਤੀ ਹੁੰਦੀ ਹੈ ਜਿਵੇਂ- ਜੰਗਾਂ-ਯੁੱਧਾਂ ਦਾ ਮਾਹੌਲ, ਜਾਨਵਰਾਂ ਦੀਆਂ ਭਿਆਨਕ ਅਵਾਜ਼ਾਂ, ਕਿਸੇ ਖ਼ੂਨੀ ਦ੍ਰਿਸ ਦਾ ਮੰਜ਼ਰ ਸਿਰਜਿਆ ਜਾਣਾ, ਡਰ ਤੇ ਸਹਿਮ ਨਾਲ ਸਾਡੇ ਸ਼ਰੀਰ ਦਾ ਕੰਬਣ ਲੱਗ ਜਾਣਾ ਆਦਿ। ਅਚਾਰੀਆ ਭਰਤ ਮੁਨੀ ਨੇ ਇਸਦੇ ਤਿੰਨ ਭੇਦਾਂ ਦਾ ਉਲੇਖ ਕੀਤਾ ਹੈ। ਅੰਧੇਰੇ ਵਿਚ ਰੱਸੀ ਨੂੰ ਸੱਪ ਸਮਝਣਾ ਭ੍ਰਮ ਵਾਲਾ ਭੈਅ ਹੈ ਕੋਈ ਅਪਰਾਧ ਕਰਕੇ ਰਾਜਾ ਆਦਿ ਵਜੋਂ ਸਜਾ ਆਦਿ ਦੀ ਕਲਪਨਾ ਕਰਕੇ ਜੋ ਭੈਅ ਹੁੰਦਾ ਹੈ ਉਹ ਕਾਲਪਨਿਕ ਹੈ ਅਤੇ ਸੱਚੀ ਸਾਮਰਤੱਖ ਵਸਤੂ ਦਾ ਭੈਅ ਵਾਸਤਵਿਕ ਹੈ।

- ਬਿਰਖ ਜੜ੍ਹਾਂ ਤੱਕ ਕੰਬੇ, ਕਿਆਮਤ ਦਾ ਐਸਾ ਜ਼ਿਕਰ ਸੀ।
  ਟਾਹਣਾਂ ਤੋਂ ਟੁੱਟਦੇ ਪੱਤੇ, ਉਸਨੂੰ ਆਹਲ੍ਹਣੇ ਦਾ ਫ਼ਿਕਰ ਸੀ
  ਅੱਗ ਦੀ ਵਰਖਾ ਹੈ ਹੋਈ, ਘਰ ਮਲਬਾ ਬਣ ਗਏ।
  ਭੱਗਦੜ ਚੌਤਰਫ਼ ਮਚੀ ਨਾ ਰਿਹਾ ਕੋਈ ਮਿੱਤਰ ਸੀ
  ਇਹ ਜਿੰਦ ਮੇਰੀ ਆਪਣੀ, ਜੇ ਬਚ ਗਈ ਤਾਂ ਬਚ ਗਈ
  ਭੈਣ, ਭਾਈ, ਮਾਂ, ਬਾਪ ਨਾ ਯਾਦ ਕਿਹੜਾ ਪਿੱਤਰ ਸੀ।[23]

- ਕਈ ਤੀਰਾਂ
  ਤਲਵਾਰਾਂ
  ਚਾਕੂ
  ਛੁਰੀਆਂ
  ਕਟਾਰ
  ਨਾਲ ਮਾਸ ਨੋਚਦੇ
  ਕਈ ਜੰਬੂਰਾਂ ਨਾਲ
  ਕਈ ਤਾਹਨਿਆਂ
  ਮਿਹਣਿਆਂ

ਦੀਆਂ ਨਛੱਤਰਾਂ ਨਾਲ

ਮਨ ਆਤਮਾ ਨੂੰ

ਲਹੂ ਲੁਹਾਣ ਕਰਦੇ

ਨਾ ਜੀਣ ਦਿੰਦੇ

ਕਿਸੇ ਨੂੰ

ਨਾ ਖੁਦ ਜੀਉਂਦੇ ਨੇ।[24]

**ਵੀਭਤਸ ਰਸ:** ਕਵਿਤਾ ਵਿੱਚ ਜਦੋਂ ਘ੍ਰਿਣਾਯੋਗ ਜਾਂ ਦੁਰਗੰਧਪੂਰਨ ਮਾਹੌਲ ਸਿਰਜਿਆ ਜਾਂਦਾ ਹੈ ਤਾਂ ਉੱਥੇ ਪਾਠਕ ਦੇ ਮਨ ਮਸਤਿਕ ਵਿੱਚ ਗਲਿਆਣੀ ਤੇ ਘ੍ਰਿਣਾ ਦੇ ਭਾਵ ਪੈਦਾ ਹੋਣ ਲੱਗਦੇ ਹਨ। 'ਘ੍ਰਿਣਾ' ਜਾਂ 'ਜੁਗੁਪਸਾ' ਇਸ ਦਾ ਸਥਾਈ ਭਾਵ ਹੈ। ਦੋਸ਼ ਵੇਖਣ ਤੋਂ ਪੈਦਾ ਹੋਈ ਕਚਿਆਣ ਜਾਂ ਗਿਲਾਨੀ ਨਾਲ ਓਤਪ੍ਰੋਤ ਘ੍ਰਿਣਾ ਜਾਂ ਸੂਗ ਹੀ ਜੁਗੁਪਸਾ ਹੈ। ਸਮਸ਼ਾਨ, ਮ੍ਰਿਤਕ ਸਰੀਰ, ਚਰਬੀ, ਸੜਿਆ ਮਾਸ, ਮਲਮੂਤਰ, ਬਦਬੂਦਾਰ ਵਸਤਾਂ, ਘ੍ਰਿਣਾ ਕਾਰਕ ਵਿਚਾਰ ਆਦਿ ਇਸਦੇ ਆਲੰਬਣ ਵਿਭਾਵ ਹਨ।

ਕੀੜਿਆਂ ਮਕੌੜਿਆਂ ਦਾ ਵਸਤਾਂ ਵਿਚ ਫਿਰਨਾ, ਗਿਰਝਾਂ ਦਾ ਮਾਸ ਨੋਚਣਾ, ਘਾਇਲ ਵਿਅਕਤੀਆ ਦਾ ਤੜਫਣਾ, ਘਿਨੌਣੇ ਰੰਗ ਰੂਪ ਆਦਿ ਇਸਦੇ ਉੱਦੀਪਣ ਵਿਭਾਵ ਹਨ।

ਚਿੰਤਾ, ਜੜਤਾ, ਰੰਗ ਰੂਪ ਬਦਲਣਾ, ਉਨਮਾਦ, ਗਲਾਨੀ, ਦੀਨਤਾ ਆਦਿ ਸੰਚਾਰੀ ਭਾਵ ਹਨ।

ਕੁਝ ਸੰਸਕ੍ਰਿਤ ਅਚਾਰੀਆਂ ਦਾ ਮੰਨਣਾ ਹੈ ਕਿ ਇਸ ਰਸ ਦੀ ਵਰਤੋਂ ਨਾਲ ਕਿਸੇ ਵੀ ਪ੍ਰਕਾਰ ਦਾ ਕਾਵਿ ਸਿਰਜਿਆ ਨਹੀਂ ਜਾ ਸਕਦਾ।[25]

ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਵਿੱਚ ਇਸ ਰਸ ਦੀ ਵਰਤੋਂ ਹੋਈ ਮਿਲਦੀ ਹੈ

- ਸ਼ਰਾਬ ਦੇ ਨਸ਼ੇ ਵਿੱਚ

  ਬੁੱਲੇ ਲੁੱਟਣ ਆਏ

  ਅਯਾਸ਼ਾਂ ਦੇ ਸੜੇ ਹੋਏ

  ਬਦਬੂ ਮਾਰਦੇ

  ਹਫ਼ੇ ਹੋਏ ਸਾਹਾਂ ਦੀ

ਆਪਣੇ ਆਪ ਨੂੰ

ਵਾਰ ਵਾਰ ਮਾਰਨ ਦੀ।[26]

- ਜ਼ਿੰਦਗੀ ਦਾ ਫੁੱਲ, ਸੁੱਕਦਾ ਜਾ ਰਿਹਾ।

  ਮਹਿਕ ਦਾ ਸਾਗਰ, ਸੁੱਕਦਾ ਜਾ ਰਿਹਾ।

  ਕੰਡਿਆਂ ਤੇ ਤੁਰਨਾ ਸਹਿਲ ਹੋ ਗਿਆ

  ਛਾਲਿਆਂ 'ਚੋਂ ਖ਼ੂਨ ਸੁੱਕਦਾ ਦਾ ਰਿਹਾ।[27]

**ਸ਼ਾਂਤ ਰਸ:** ਮਨ ਦੀ ਸਹਿਜ ਅਵਸਥਾ ਵਿੱਚੋਂ ਸ਼ਾਂਤ ਰਸ ਉਤਪੰਨ ਹੁੰਦਾ ਹੈ। ਜਦੋਂ ਵਿਅਕਤੀ/ਪਾਠਕ ਦੁੱਖ-ਸੁੱਖ, ਚਿੰਤਾ, ਡਰ ਆਦਿ ਵਰਗੇ ਭਾਵਾਂ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਸਨੂੰ ਸ਼ਾਂਤ ਰਸ ਦੀ ਅਨੁਭੂਤੀ ਹੋਣ ਲੱਗਦੀ ਹੈ। ਸੰਸਾਰਕ ਅਸਥਿਰਤਾ ਦੇ ਕਾਰਣ ਜਾਂ ਤੱਤ-ਗਿਆਨ ਦੇ ਕਾਰਣ ਮਨ ਵਿੱਚ ਜਦੋਂ ਵੈਰਾਗ ਹੁੰਦਾ ਹੈ ਉਥੇ ਸ਼ਾਤ ਰਸ ਦੀ ਸਥਿਤੀ ਮੰਨੀ ਗਈ ਹੈ। ਸ਼ਾਂਤ ਰਸ ਦੇ ਸਥਾਈ ਭਾਵ ਬਾਰੇ ਕਾਫ਼ੀ ਵਾਦ ਵਿਵਾਦ ਹੋਇਆ ਹੈ। ਕਈਆਂ ਨੇ 'ਨਿਰਵੇਦ' ਨੂੰ ਸਥਾਈ ਭਾਵ ਮੰਨਿਆ ਹੈ, ਵਿਸ਼ਵਨਾਥ ਨੇ 'ਸ਼ਮ' ਨੂੰ। ਨਿਰਵੇਦ ਇਕ ਪ੍ਰਕਾਰ ਦਾ ਵੈਰਾਗ ਜਾਂ ਉਪਰਾਮਤਾ ਹੈ. ਸ਼ਮ ਸ਼ਾਂਤੀ ਦਾ ਮੂਲਭਾਵ ਹੀ ਹੈ।[28] ਮਨ ਦੀ ਸ਼ਾਂਤ ਤੇ ਸਥਿਰ ਅਵਸਥਾ ਵਿੱਚੋਂ ਹੀ ਸ਼ਾਂਤ ਰਸ ਪੈਦਾ ਹੁੰਦਾ ਹੈ।

- ਕੀ ਕਰਾਂ

  ਕੀ ਖਾਂਵਾਂ ਪਹਿਨਾਂ

  ਕਿੰਝ ਜੀਵਾਂ

  ਕਿਸਨੂੰ ਖੁਸ਼ ਕਰਾਂ

  ਆਪੇ ਨੂੰ,

  ਦੁਨੀਆਂ ਨੂੰ,

  ਤੈਨੂੰ,

  ਜਾਂ ਛੱਡ ਦੇਵਾਂ ਸਭ ਝੰਮੇਲਾ

  ਬਹਿ ਜਾਂ ਬਣਕੇ ਬਸ ਅਲਬੇਲਾ

ਮੈਂ ਤੇ ਮੇਰੀ ਰੂਹ

ਖੁਦ ਹੀ ਮੁਰਸ਼ਦ

ਖੁਦ ਹੀ ਚੇਲਾ!![29]

- ਤੇਰੇ ਆਉਣ ਤੱਕ ਦਾਤਾ, ਬੜਾ ਹਨ੍ਹੇਰਾ ਸੀ।

  ਸੂਰਜ ਸੱਚ ਦਾ ਬਾਬਾ, ਇਕ ਨਵਾਂ ਸਵੇਰਾ ਸੀ

  ਮੱਸਿਆ ਕੂੜ ਦੀ ਕਾਲੀ, ਕੋਈ ਚੰਨ ਨਾ ਤਾਰਾ,

  ਤੇਰੇ ਗਿਆਨ ਦੀ ਲੋਅ ਨੇ ਕੱਟਿਆ ਅੰਧੇਰਾ ਸੀ।

  ਬੱਦਲ ਪਾਪ ਦੇ ਛਾਏ, ਲੱਗਾ ਗ੍ਰਹਿਣ ਸੂਰਜ ਨੂੰ,

  ਪਾਖੰਡੀ ਧਰਮੀਆਂ ਦਾ ਉਂਝ ਤਾਂ ਰੌਲ਼ਾ ਬਥੇਰਾ ਸੀ।[30]

ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਵੱਖੋ-ਵੱਖਰੇ ਅਲੰਕਾਰਾਂ ਤੇ ਰਸਾਂ ਨਾਲ ਭਰਪੂਰ ਹੈ। ਇਹ ਉਸਦੀ ਕਵਿਤਾ ਨੂੰ ਡੂੰਘਾਈ ਤੇ ਖੂਬਸੂਰਤੀ ਪ੍ਰਦਾਨ ਕਰਦੇ ਹਨ। ਉਸਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਪਾਠਕ ਦਾ ਮਨ ਸੁਹਜ-ਸਵਾਦ ਨਾਲ ਭਰ ਜਾਂਦਾ ਹੈ।

**ਬਿੰਬ**

ਪਾਠਕ ਦੇ ਮਨ ਅੰਦਰ ਵੱਖੋ-ਵੱਖਰੇ ਦ੍ਰਿਸ਼ ਸਿਰਜਣ ਲਈ ਕਵੀ ਜਦੋਂ ਪਦਾਰਥਕ ਵਸਤੂਆਂ ਦੇ ਅਸਲੀ ਜਾਂ ਮਾਨਵੀਕ੍ਰਿਤ ਰੂਪਾਂ ਨੂੰ ਪ੍ਰਗਟ ਕਰਦਾ ਹੈ ਤਾਂ ਉਸਦੀਆਂ ਅੱਖਾਂ ਸਾਹਮਣੇ ਉਨ੍ਹਾਂ ਵਸਤੂਆਂ ਦੇ ਦ੍ਰਿਸ਼, ਅਕਾਰ ਦਿਖਾਈ ਦੇਣ ਲੱਗਦੇ ਹਨ। ਸ਼ਬਦਾਂ ਰਾਹੀਂ ਮਨ ਮਸਤਿਕ ਵਿੱਚ ਚਿੱਤਰ ਉੱਭਰਣ ਨਾਲ ਪਾਠਕ ਨੂੰ ਇੱਕ ਅਲੌਕਿਕ ਦ੍ਰਿਸ਼ ਦੀ ਅਨੁਭੂਤੀ ਹੋਣ ਲੱਗਦੀ ਹੈ। ਇਸੇ ਨੂੰ ਹੀ ਦ੍ਰਿਸ਼ ਬਿੰਬ ਕਹਿੰਦੇ ਹਨ। ਸਾਡੀਆਂ ਗਿਆਨ ਇੰਦਰੀਆਂ ਨਾਲ ਸਬੰਧਿਤ ਇਹ ਬਿੰਬ ਪੰਜ ਪ੍ਰਕਾਰ ਦੇ ਹੁੰਦੇ ਹਨ। ਨਾਦ ਬਿੰਬ, ਦ੍ਰਿਸ਼ ਬਿੰਬ, ਸ੍ਰਵਣ ਬਿੰਬ, ਰੂਪ ਬਿੰਬ, ਸਪਰਸ਼ ਬਿੰਬ। ਕਵੀ ਆਪਣੇ ਜੀਵਨ ਅਨੁਭਵ ਵਿੱਚੋਂ ਇਨ੍ਹਾਂ ਬਿੰਬਾਂ ਦੀ ਸਿਰਜਣਾ ਕਰਦਾ ਹੈ।

**ਦ੍ਰਿਸ਼ ਬਿੰਬ:** ਇਸ ਬਿੰਬ ਦਾ ਸਬੰਧ ਸਾਡੀਆਂ ਅੱਖਾਂ ਨਾਲ ਹੈ। ਸਮਾਜਕ ਘਟਨਾਵਾਂ, ਵਸਤੂਆਂ ਆਦਿ ਨੂੰ ਆਪਣੇ ਵਿਚਾਰਾਂ, ਖ਼ਿਆਲਾਂ, ਜਜ਼ਬਾਤਾਂ ਦੀ ਪੁੱਠ ਚਾੜ੍ਹਦਾ ਹੋਇਆ ਕਵੀ ਸ਼ਬਦੀ ਰੂਪ ਵਿੱਚ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ ਤਾਂ ਉੱਥੇ ਦ੍ਰਿਸ਼ ਬਿੰਬ ਪੈਦਾ ਹੁੰਦਾ ਹੈ। ਦ੍ਰਿਸ਼ ਬਿੰਬ ਵਿਅਕਤੀ ਦੇ ਮਨ ਉੱਤੇ ਗਹਿਰਾ ਪ੍ਰਭਾਵ ਪਾਉਂਦਾ ਹੈ।

ਦਸੰਬਰ ਦੋ ਹਜ਼ਾਰ ਦਸ

ਠੰਡਾ ਅਲਸਾਇਆ ਮਹੀਨਾ

ਕੋਸੀ ਕੋਸੀ ਧੁੱਪ

ਹਰ ਤਰਫ਼ ਸ਼ਾਪਿੰਗ ਦਾ ਜ਼ੋਰ

ਸਟੋਰਾਂ ਵਿੱਚ ਕ੍ਰਿਸਮਿਸ ਦੇ ਗੀਤਾਂ ਦੇ ਸੁਰ[31]

ਖ਼ੂਬਸੂਰਤ ਔਰਤਾਂ

ਜਵਾਨ ਮਰਦ

ਸਕੇਟਿੰਗ ਸਾਈਕਲਿੰਗ

ਕਰਦੇ ਟੀਨ-ਏਜਰ

ਬੱਘੀਆਂ ਵਿੱਚ ਨਵ-ਜੰਮਿਆਂ

ਨਾਲ ਘੁੰਮਦੀਆਂ ਨਵ-ਮਾਵਾਂ

ਹੱਥਾਂ ਵਿੱਚ ਦੁੱਧ ਦੀਆਂ ਬੋਤਲਾਂ ਫੜੀ

ਨਾਲ-ਨਾਲ ਤੁਰਦੇ

ਉਹਨਾਂ ਦੇ ਖਾਵੰਦ

ਜਾਂ ਹੋ ਸਕਦਾ

ਬੁਆਏ-ਫਰੈਂਡ ਹੋਣ

ਜਾਂ ਸ਼ਾਇਦ ਕਾਮਨ ਲਾਅ ਪਾਰਟਨਰ

ਤੇ ਹੌਲੀ ਹੌਲੀ

ਟੇਡਾ ਟੇਡਾ ਤੁਰਦੇ

ਤੇ ਮਸਤੀ ਕਰਦੇ ਜੋੜੇ

ਵੇਖਦਾਂ ਤਾਂ ਪਤਾ ਨਹੀਂ ਕਿਉਂ

ਇਹ ਦ੍ਰਿਸ਼ ਮੈਨੂੰ

ਰੋਹੀ ਨਜ਼ਰ ਆਉਂਦਾ ਹੈ।[32]

**ਨਾਦ ਬਿੰਬ:** ਕਾਵਿ ਵਿੱਚੋਂ ਆਵਾਜ਼ ਜਾਂ ਧੁਨੀ ਦਾ ਪ੍ਰਗਟ ਹੋਣਾ ਨਾਦ ਬਿੰਬ ਦੁਆਰਾ ਹੀ ਸੰਭਵ ਹੁੰਦਾ ਹੈ। ਇਸ ਬਿੰਬ ਦਾ ਸਬੰਧ ਸਾਡੀ ਸੁਣਨ ਸ਼ਕਤੀ ਨਾਲ ਹੈ। ਸ਼ਬਦ ਚਿੱਤਰਾਂ ਦੀ ਅਲੌਕਿਕ ਜੜ੍ਹਤ ਨਾਲ ਪਾਠਕ ਮਨ ਵਿੱਚ ਇਸ ਬਿੰਬ ਦਾ ਸਿਰਜਣ ਹੁੰਦਾ ਹੈ!

ਧੂੰਆਂ ਧੂੰਆਂ ਧੂੰਆਂ

ਚਾਰੇ ਪਾਸੇ

ਬੰਬਾਂ ਦੀ ਧੜਾਮ ਧੜਾਮ

ਸਟੇਨਗੰਨਾਂ ਦੀ ਠਾਹ ਠਾਹ

ਹੈਲੀਕਾਪਟਰਾਂ ਤੇ

ਟੈਕਾਂ ਦੀ ਗੜਗੜਾਹਟ

ਲੋਕਤੰਤਰ ਦੀ ਬਹਾਲੀ ਲਈ

ਲੋਥਾਂ ਦੀ ਗਿਣਤੀ

ਚੀਖਾਂ ਦੀ ਥਰਥਰਾਹਟ

ਦਿਲਾਂ ਦੇ ਟੁੱਟਣ ਦੀ ਅਵਾਜ਼

ਸਿਸਕੀਆਂ ਤੇ ਹਓਕੇ

ਮੈਨੂੰ ਸਾਫ਼ ਸੁਣਾਈ ਦੇਣ ਲੱਗਦੇ ਹਨ।[33]

**ਸਵਾਦ ਬਿੰਬ:** ਇਸ ਬਿੰਬ ਦਾ ਸਬੰਧ ਸਾਡੀ ਗਿਆਨ ਇੰਦਰੀ ਜੀਭ ਨਾਲ ਹੈ। ਜਦੋਂ ਅਸੀ ਕੋਈ ਖੱਟੀ-ਮਿੱਠੀ ਚੀਜ਼ ਖਾਂਦੇ ਹਾਂ ਤਾਂ ਸਾਨੂੰ ਕੌੜੇ-ਮਿੱਠੇ ਸਵਾਦ ਦਾ ਅਨੁਭਵ ਹੁੰਦਾ ਹੈ। ਇਹ ਬਿੰਬ ਰਸ ਦੀ ਅਨੁਭੂਤੀ

ਕਰਵਾਉਂਦਾ ਹੈ। ਇਸ ਲਈ ਇਸਨੂੰ ਰਸ ਬਿੰਬ ਵੀ ਕਿਹਾ ਜਾਂਦਾ ਹੈ। ਕਵਿਤਾ ਪੜ੍ਹਦਿਆਂ ਜਦੋਂ ਖਾਣ ਵਾਲੀਆਂ ਵਸਤੂਆਂ ਦਾ ਜ਼ਿਕਰ ਆਉਂਦਾ ਹੈ ਤਾਂ ਸਾਡੇ ਜ਼ਿਹਨ ਵਿੱਚ ਸਵਾਦ ਬਿੰਬ ਪੈਦਾ ਹੋਣ ਲੱਗਦਾ ਹੈ ਜਿਵੇਂ:-

ਵਾਪਸ ਪਿੰਡ ਦੀਆਂ ਗਲੀਆਂ 'ਚ

ਗੇੜਾ ਸ਼ੇੜਾ ਮਾਰਨ ਦੀ

ਸੁੱਕ ਚੁੱਕੇ ਛੱਪੜ ਵਿੱਚੋਂ

ਮੱਛਲੀਆਂ ਫੜਣ ਦੀ

ਖੂਹ ਦੀ ਮੌਣ ਮੁੱਢ

ਉੱਗੇ ਸ਼ਹਿਤੂਤ ਤੋਂ

ਕਾਲੀਆਂ ਮਿੱਠੀਆਂ ਗੋਲ੍ਹਾਂ

ਖਾ ਕੇ ਆਪਣੇ

ਬੁੱਲ੍ਹਾਂ ਅਤੇ ਜੀਭ ਤੇ

ਜਾਮਣੀ ਰੰਗਣ ਚਾੜਣ ਦੀ[34]

ਪਿਆਰਾ ਸਿੰਘ ਕੁੱਦੋਵਾਲ ਨੇ ਆਪਣੀਆਂ ਕਵਿਤਾਵਾਂ ਨੂੰ ਵੱਖੋ ਵੱਖਰੇ ਕਾਵਿ ਰੂਪਾਂ, ਜੁਗਤਾਂ ਰਾਹੀਂ ਭਾਵਪੂਰਤ ਤੇ ਸੁਹਜਾਤਮਕ ਬਣਾਉਂਦਾ ਹੈ।

**ਕਾਵਿ-ਭਾਸ਼ਾ**

ਮਨੁੱਖ ਆਪਣੇ ਵਿਚਾਰਾਂ, ਖਿਆਲਾਂ, ਭਾਵਨਾਵਾਂ ਨੂੰ ਸ਼ਬਦੀ ਰੂਪ ਵਿੱਚ ਦੂਸਰੇ ਮਨੁੱਖਾਂ ਤੱਕ ਪਹੁੰਚਾਉਣ ਲਈ ਜਿਸ ਸਾਧਨ ਦੀ ਵਰਤੋਂ ਕਰਦਾ ਹੈ ਉਸਨੂੰ ਭਾਸ਼ਾ ਕਿਹਾ ਜਾਂਦਾ ਹੈ। ਭਾਸ਼ਾ ਸੰਚਾਰ ਦਾ ਇਕ ਅਹਿਮ ਤੇ ਮਹੱਤਵਪੂਰਨ ਮਾਧਿਅਮ ਹੈ। ਭਾਸ਼ਾ ਹੀ ਮਨੁੱਖ ਨੂੰ ਬਾਕੀ ਜੀਵਾਂ ਨਾਲੋਂ ਵੱਖਰਾ ਕਰਦੀ ਹੈ। ਕਾਵਿ ਭਾਸ਼ਾ ਵਿੱਚ ਕਾਵਿ ਜੁਗਤਾਂ ਦੀ ਵਰਤੋਂ ਕਰਕੇ ਇਸਨੂੰ ਰੋਚਕ ਤੇ ਵਿਲੱਖਣ ਬਣਾਇਆ ਜਾਂਦਾ ਹੈ। ਕਾਵਿ ਜੁਗਤਾਂ ਦੀ ਵਰਤੋਂ ਹੀ ਕਾਵਿ ਭਾਸ਼ਾ ਨੂੰ ਸਧਾਰਨ ਭਾਸ਼ਾ ਨਾਲੋਂ ਵੱਖਰਿਆਉਂਦੀ ਹੈ। ਕਵੀ ਆਪਣੀ ਰਚਨਾ ਨੂੰ ਅਲੌਕਿਕ, ਸੁਹਜ ਭਰਪੂਰ ਤੇ ਚਮਤਕਾਰੀ ਬਣਾਉਣ ਲਈ ਕਾਵਿ ਜੁਗਤਾਂ ਰਾਹੀਂ ਸ਼ਬਦਾਂ ਨੂੰ ਨਿਵੇਕਲੀ ਤਰਤੀਬ ਦਿੰਦਾ ਹੈ ਤਾਂ ਜੋ ਕਵਿਤਾ ਵਿੱਚ ਅਨੋਖਾਪਣ ਪੈਦਾ ਕੀਤਾ ਜਾ ਸਕੇ।

ਕਾਵਿ ਭਾਸ਼ਾ ਆਪਣੀ ਕਿਸਮ ਦਾ 'ਡਾਇਲੈਕਟ' ਹੈ। ਇਸਦੇ ਆਪਣੇ ਨੇਮ ਹਨ। ਇਹ ਸਾਡੇ ਪ੍ਰਤੱਖਣ ਨੂੰ ਤੇਜ਼ ਕਰਦੀ ਹੈ ਅਤੇ ਦੁਨੀਆਂ ਨੂੰ ਨਵੇਂ ਕੋਣ ਤੋਂ ਵੇਖਣ ਲਈ ਪ੍ਰੇਰਦੀ ਹੈ। ਇਹ ਵਾਸਤਵਿਕ ਜਗਤ ਦਾ ਅਜਨਬੀਕ੍ਰਿਤ ਚਿੱਤਰ ਪੇਸ਼ ਕਰਦੀ ਹੈ।[32] ਪਿਆਰਾ ਸਿੰਘ ਕੁੱਦੋਵਾਲ ਨੇ ਆਪਣੀ ਵਿਸ਼ਾਲ ਕਾਵਿ ਦ੍ਰਿਸ਼ਟੀ ਦੇ ਜ਼ਰੀਏ ਆਪਣੇ ਕਾਵਿ-ਸੰਸਾਰ ਨੂੰ ਵੱਖਰੀਆਂ ਕਾਵਿ ਜੁਗਤਾਂ ਦੀ ਵਰਤੋਂ ਨਾਲ ਗੌਲਣਯੋਗ ਬਣਾਇਆ ਹੈ। ਉਹ ਰਾਸ਼ਟਰੀ ਤੇ ਅੰਤਰ ਰਾਸ਼ਟਰੀ, ਸਮਾਜਕ, ਸੱਭਿਆਚਾਰਕ ਮਸਲਿਆਂ ਦੀ ਤਿੱਖੀ ਕਾਵਿ ਭਾਸ਼ਾ ਰਾਹੀਂ ਪੇਸ਼ਕਾਰੀ ਕਰਦਾ ਹੈ। ਉਹ ਉਰਦੂ-ਫ਼ਾਰਸੀ ਤੇ ਅੰਗਰੇਜ਼ੀ ਸ਼ਬਦਾਵਲੀ ਦੀ ਸੁਹਜਭਰਪੂਰ ਵਰਤੋਂ ਕਰਦਾ ਹੈ।

1. **ਉਰਦੂ-ਫ਼ਾਰਸੀ ਸ਼ਬਦਾਵਲੀ**

ਪਿਆਰਾ ਸਿੰਘ ਕੁੱਦੋਵਾਲ ਨੇ ਆਪਣੀ ਕਵਿਤਾ ਵਿੱਚ ਉਰਦੂ ਅਤੇ ਫ਼ਾਰਸੀ ਸ਼ਬਦਾਵਲੀ ਦੀ ਭਰਪੂਰ ਵਰਤੋਂ ਕੀਤੀ ਹੈ ਜਿਵੇਂ ਕਿ:- ਨਸ਼ਰ, ਮੁਲਕ, ਮੁਨਾਫ਼ਾ, ਜ਼ਿਹਨ, ਖ਼ੂਬਸੂਰਤ, ਖਾਵੰਦ, ਮੰਜ਼ਲ, ਦਹਿਸ਼ਤਗਰਦੀ, ਨੇਸਤੋ-ਨਬੂਤ, ਜੋਖ਼ਮ, ਦਫ਼ਨ, ਕਫ਼ਨ, ਤਮਾਸ਼ਬੀਨ, ਨਜ਼ਰਾਨਾ, ਕਰਦ, ਸ਼ਨਾਖਤ, ਮਸ਼ਹੂਰ, ਫਾਜ਼ਲ, ਸਾਜ਼ਸ਼, ਸਜਾ ਯਾਫਤਾ, ਜਸ਼ਨ, ਨਿਜ਼ਾਮ, ਮੁਸਕਾਨ, ਉਰਫ਼, ਫਰਜੀ, ਮਸ਼ਕ, ਖੁਦ, ਸੁਫਨਾ, ਮੁਆਫੀ, ਨੂਰ, ਕਬਰਿਸਤਾਨ, ਮਸੀਤ, ਖ਼ੈਰ-ਸੁੱਖ, ਅਰਮਾਨ, ਜੰਬੂਰ, ਨਖਸ਼ਿਖ,ਸੁਰਖ਼, ਖਿਆਲ, ਨਜ਼ਰ, ਨਜ਼ਮ, ਜਨਾਬ, ਖਵਾਬ, ਜ਼ਮੀਰ, ਤਕਦੀਰ, ਹੂਰਾਂ, ਜਹਾਦ, ਸ਼ਹਾਦਤ, ਗੁਲਾਮ, ਬਾਜੀ, ਨਜ਼ਰਅੰਦਾਜ਼, ਨਖਲਿਸਤਾਨ, ਨਾਜ਼ਕ, ਮਲੂਕ, ਮੁਰਸ਼ਦ, ਚੇਲਾ, ਗਮ, ਗਮਖ਼ਾਰ, ਨੇਜੇ, ਮੁਹੱਬਤ, ਫ਼ਰੇਬ, ਨਫ਼ਰਤ, ਮੁਰਦਾ, ਹਸਰਤ, ਜਲੂਸ, ਬੇਵਜਾਹ, ਖ਼ੁਦਗਰਜ਼, ਖੁਦੀ, ਸੂਲੀ, ਜਾਲਮ, ਬੇਖੌਫ਼, ਇਤਰ, ਤਵਾਰੀਖ਼, ਅਯਾਨ, ਈਨ, ਖਬਰਦਾਰ, ਦੁਸ਼ਮਨ, ਦਸਤਾ, ਤੌਫੀਕ, ਨਕਸ਼, ਨਿਗਾਹ, ਕਸ਼ਮਕਸ਼, ਨਾਪਾਕ, ਤਰਕਸ਼, ਮਨਸੂਬੇ, ਆਬੇ-ਹਿਆਤ, ਰਹਿਮਤ, ਹਰਫ਼, ਦਸਤਖ਼ਤ, ਨਜ਼ਾਰਾ, ਨਾਚੀਜ਼, ਵਤਨਪ੍ਰਸਤ, ਖੰਜਰ, ਫ਼ਰਕਦੇ, ਸ਼ਰਮ, ਹਯਾ, ਇਤਬਾਰ, ਦੀਨ ਈਮਾਨ, ਵਿਰਸਾ, ਫ਼ਾਨੀ, ਖਬਰਦਾਰ, ਆਫ਼ਤ, ਬੰਦਗੀ, ਕਲਮ, ਕਫ਼ਨ, ਸ਼ਰੀਫ਼, ਫਾਤਿਯਾ, ਪਰਵਾਜ਼, ਖ਼ਵਾਰੀ, ਗੁਮਾਨ, ਬਸ਼ਰ, ਫਜ਼ਰ, ਸਿਆਸਤਦਾਨ, ਵਤਨ, ਰਮਜ਼, ਪੈਗੰਬਰ, ਪਰਿੰਦਾ, ਸ਼ਰਮਸ਼ਾਰ।

2. ਅੰਗਰੇਜ਼ੀ ਸ਼ਬਦਾਵਲੀ

ਪਿਆਰਾ ਸਿੰਘ ਕੁੱਦੋਲਵਾਲ ਨੇ ਆਪਣੀ ਕਵਿਤਾ ਵਿੱਚ ਅੰਗਰੇਜ਼ੀ ਸ਼ਬਦਾਵਲੀ ਦੀ ਬੜੀ ਢੁਕਵੀਂ ਵਰਤੋਂ ਕੀਤੀ ਹੈ ਜਿਵੇਂ ਕਿ:- ਪੈਟਰੋਲ, ਹੈਲੀਕਾਪਟਰ, ਟੋਸਟ, ਵਾਇਰਸ, ਕੰਪਿਊਟਰ, ਸੈਕੇਟਰੀ, ਕੋਫੀ, ਫਾਇਲ, ਬਾੱਸ, ਕੰਪਨੀ, ਪਾਲਿਸੀ, ਲਿਸਨ, ਟੂ ਮੀ, ਕੇਅਰਫੁਲੀ, ਸਕਰੀਨ, ਲੇਅ ਆਫ, ਸਟੂਅਪਡ, ਹੱਸਬੈਂਡ, ਰੀਸੈਸ਼ਨ, ਪ੍ਰੋਡਕਸ਼ਨ, ਕ੍ਰਵਜ਼, ਬੈਲਟ, ਕੈਟ, ਵਾਕ, ਮਰਸੀਡੀਜ਼, ਰਾਈਡ, ਟੇਬਲ, ਚੈੱਕ, ਕਾਰ, ਬੁਆਏ ਫਰੈਂਡ, ਪਾਰਟਨਰ, ਬਰੈਂਡ, ਵਾਕਿੰਗ, ਟਰੈਕ, ਪਾਰਕ, ਟੈਂਕ, ਸੋਰੀ, ਫੈਸ਼ਨ, ਬਲੈਕ, ਸਪਾਟ, ਟਾਊਨ, ਪੈੱਨ, ਹੋਟਲ, ਡੀਪੋਰਟ, ਰਿਟਾਇਰ, ਇੰਮੀਗਰੇਸ਼ਨ, ਟਨਲਜ਼, ਆਟੋਮੈਟਿਕ, ਚੈਨਿਲਜ਼, ਬਿੱਲ, ਸਟੋਰ, ਕੈਂਡੀਜ਼, ਸ਼ੈਂਪੇਨ, ਵਾਈਨ, ਡਾਂਸ, ਡਿਨਰ, ਸੈਂਡਵਿੱਚ, ਟਾਕੋਜ਼, ਸੀਟ, ਫੂਡ, ਸਟੈਪ, ਦਸੰਬਰ, ਕਲੱਬ, ਅਫ਼ਸਰ, ਲਿਪਸਟਿਕ, ਬੈਟਰੀ, ਪਾਸਵਰਡ, ਟੈਲੀਪੈਥੀ, ਇੰਟਰਨੈੱਟ, ਟਾਇਰ, ਡਾਕਟਰ, ਟਿਊਟਰ, ਵੀਡੀਓ, ਪ੍ਰੋਡਿਊਸਰ, ਸ਼ਿਫਟ, ਡਾਲਰ, ਟਾਵਰ, ਸੈਂਟਰ, ਟਰੇਡ, ਵਰਲਡ, ਸ਼ਾਪਿੰਗ, ਟਿਕਟ, ਕੈਨਵਸ।

## ਕਾਵਿ ਸ਼ੈਲੀ

ਸ਼ੈਲੀ ਤੋਂ ਭਾਵ ਹੈ ਸਟਾਇਲ। ਕਵੀ ਆਪਣੇ ਖਿਆਲਾਂ, ਵਿਚਾਰਾਂ ਨੂੰ ਜਿਸ ਕਲਾਤਮਕ ਅੰਦਾਜ਼ ਵਿੱਚ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ ਉਸਨੂੰ ਸ਼ੈਲੀ ਕਿਹਾ ਜਾਂਦਾ ਹੈ । ਹਰ ਕਵੀ ਦੀ ਆਪਣੀ ਇੱਕ ਵੱਖਰੀ ਕਾਵਿ ਸ਼ੈਲੀ ਹੁੰਦੀ ਹੈ। ਸਾਹਿਤ ਵਿਚ ਸ਼ੈਲੀ ਦਾ ਵਿਸ਼ੇਸ਼ ਮਹੱਤਵ ਹੈ। ਸ਼ੈਲੀ ਰਾਹੀਂ ਹੀ ਕਿਸੇ ਸਾਹਿਤਕ ਰਚਨਾ ਦੀ ਪਹਿਚਾਣ ਹੁੰਦੀ ਹੈ ਕਿ ਇਹ ਕਿਸ ਲੇਖਕ ਦੀ ਹੈ। ਪੱਛਮੀ ਚਿੰਤਕ ਬਫ਼ਨ ਨੇ ਠੀਕ ਕਿਹਾ ਸੀ "style is the man himself" ਸਮਾਜ ਵਿੱਚ ਵਿਚਰਦਾ ਹੋਇਆ ਕਵੀ ਆਪਣੇ ਆਲੇ ਦੁਆਲੇ ਹੁੰਦੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੁੰਦਾ ਹੈ। ਉਹ ਆਪਣੀ ਕਲਾਤਮਕ ਪ੍ਰਤਿਭਾ ਤੇ ਕਾਵਿ ਸ਼ੈਲੀ ਨਾਲ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਕਵੀ ਆਪਣੇ ਨਿੱਜੀ ਜੀਵਨ ਵਿੱਚੋਂ ਕਵਿਤਾ ਕਸ਼ੀਦ ਕਰਦਾ ਹੋਇਆ ਆਪਣਾ ਅਨੁਭਵ ਪਾਠਕਾਂ ਨਾਲ ਸਾਂਝਾ ਕਰਦਾ ਹੈ। ਕਵੀ ਦੀ ਸ਼ੈਲੀ ਅੰਦਰ ਉਸਦਾ ਨਿੱਜ ਛੁਪਿਆ ਹੁੰਦਾ ਹੈ ਜਿਹੜਾ ਕਿ ਕਵਿਤਾ ਰੂਪ ਵਿੱਚ ਪ੍ਰਗਟ ਹੁੰਦਾ ਹੈ। ਡਾ.ਸਤਿੰਦਰ ਸਿੰਘ ਅਨੁਸਾਰ, "ਕਾਵਿ ਵਿੱਚ ਸ਼ੈਲੀ ਤੱਤ ਦਾ

ਮਹੱਤਵਪੂਰਨ ਸਥਾਨ ਹੈ। ਇਸ ਵਿੱਚ ਕਾਵਿ ਦੇ ਸਮੁੱਚੇ ਸੌਂਦਰਯ ਦਾ ਵਿਵੇਚਨ ਆ ਜਾਂਦਾ ਹੈ। ਕਾਵਿ-ਸੌਂਦਰਯ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਤੱਤ ਸ਼ੈਲੀ ਵਿੱਚ ਆ ਜਾਂਦੇ ਹਨ।"[33]

ਸ਼ੈਲੀ ਕਵਿਤਾ ਵਿਚਲੇ ਡੂੰਘੇ ਅਰਥਾਂ ਨੂੰ ਸੰਚਾਰਿਤ ਕਰਦੀ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ ਸ਼ੈਲੀ ਬੌਧਿਕਤਾ, ਕਲਾਤਮਕਤਾ, ਸਰਲਤਾ ਅਤੇ ਸੰਖੇਪਤਾ ਵਰਗੇ ਕਾਵਿ ਤੱਤਾਂ ਨਾਲ ਪੂਰੀ ਤਰ੍ਹਾਂ ਲਬਰੇਜ਼ ਹੈ। ਉਸਦੀ ਕਾਵਿ ਸ਼ੈਲੀ ਜਿੱਥੇ ਵਿਸ਼ਵੀ ਸਰੋਕਾਰਾਂ ਨੂੰ ਤਿੱਖੀ ਸੁਰ ਵਿੱਚ ਪੇਸ਼ ਕਰਦੀ ਹੈ, ਉੱਥੇ ਨਾਲ ਹੀ ਉਸਦਾ ਕਲਾਮ ਨਿੱਜੀ ਤੇ ਕੋਮਲ ਅਹਿਸਾਸ ਤੋਂ ਵੀ ਅਛੂਤਾ ਨਹੀਂ ਰਹਿੰਦਾ। ਮਾਨਵੀ ਫਿਕਰਾਂ ਤੇ ਤੌਖ਼ਲਿਆਂ ਨੂੰ ਪੇਸ਼ ਕਰਦੀ ਹੋਈ ਉਸਦੀ ਕਵਿਤਾ ਪਾਠਕਾਂ ਨਾਲ ਗਹਿਰਾ ਸੰਵਾਦ ਰਚਾਉਂਦੀ ਹੈ। ਉਸਦੇ ਕਾਵਿ ਦੀ ਕਲਾਤਮਕ ਪੱਖ ਤੋਂ ਇਹ ਵਿਸ਼ੇਸ਼ਤਾ ਹੈ ਕਿ ਉਸਦੀ ਕਲਮ ਸਮਾਜ ਵਿੱਚ ਫੈਲੀਆਂ ਮਾੜੀਆਂ ਅਲਾਮਤਾਂ ਪ੍ਰਤੀ ਬੇਖੌਫ਼ ਲਿਖਦੀ ਹੈ। ਉਸ ਦੁਆਰਾ ਵਰਤੇ ਗਏ ਵਿਸਮਿਕ ਤੇ ਸੰਬੋਧਨੀ ਚਿੰਨ੍ਹ ਉਸਦੀ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਉਸਨੇ ਯਥਾਰਥਕ, ਵਿਅੰਗਆਤਮਕ, ਸੰਬੋਧਨੀ, ਦਾਰਸ਼ਨਿਕ ਤੇ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਆਪਣੇ ਵਿਚਾਰਾਂ ਖਿਆਲਾਂ ਦੀ ਪੇਸ਼ਕਾਰੀ ਸੁਹਜਾਤਮਕ ਢੰਗ ਨਾਲ ਕੀਤੀ ਹੈ।

**ਯਥਾਰਥਕ ਸ਼ੈਲੀ:** ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ ਦ੍ਰਿਸ਼ਟੀ ਯਥਾਰਥਵਾਦੀ ਹੈ। ਉਸਦੀ ਕਵਿਤਾ ਅਜੋਕੇ ਦੌਰ ਦੇ ਸਮਾਜ ਤੇ ਪੰਜਾਬੀ ਸੱਭਿਆਚਾਰ ਵਿੱਚ ਪੈਦਾ ਹੋ ਰਹੇ ਗੰਭੀਰ ਸੰਕਟਾਂ ਦੀ ਪੇਸ਼ਕਾਰੀ ਬੜ੍ਹੇ ਯਥਾਰਥਮਈ ਢੰਗ ਨਾਲ ਕਰਦੀ ਹੈ। ਵਿਸ਼ਵੀਕਰਨ ਦੇ ਇਸ ਦੌਰ ਅੰਦਰ ਪੰਜਾਬੀ ਸੱਭਿਆਚਾਰ ਆਪਣੀ ਸਾਦਗੀ ਤੇ ਸੁੱਚ ਗਵਾਉਂਦਾ ਜਾ ਰਿਹਾ ਹੈ। ਉਹ ਆਪਣੀ ਕਵਿਤਾ 'ਨਾਮ' ਰਾਹੀਂ ਪੰਜਾਬੀ ਸੱਭਿਆਚਾਰ ਅੰਦਰ ਆਈ ਗਿਰਾਵਟ ਦੀ ਤਸਵੀਰ ਨੂੰ ਪੇਸ਼ ਕਰਦਾ ਹੈ:

ਅਮਰੀਕਾ ਦੀ ਖਿੱਚ ਨੇ
ਵਿਕਸਿਤ ਕੀਤੀ ਗਲੋਬਲ ਮੰਡੀ
ਇਸ ਗਲੋਬਲ ਮੰਡੀ ਅੰਦਰ
ਲੱਗੀ ਫੇਰ ਸੱਭਿਆਚਾਰਾਂ ਦੀ ਬੋਲੀ
ਪਹਿਲਾਂ ਇਸਨੇ ਸਾਡੇ ਕੱਪੜੇ ਬਦਲੇ
ਫਿਰ ਬੋਲੀ ਕੀਤੀ ਰੋਲ-ਘਚੋਲੀ

ਪੱਗਾਂ ਜੂੜੇ ਚੁੰਨੀਆਂ ਗੁੱਤਾਂ

ਇਕ ਇਕ ਕਰਕੇ ਲਹਿੰਦੇ ਜਾਂਦੇ

ਇਸ ਫੈਸ਼ਨ ਦੀ ਦੌੜ ਵਿੱਚ

ਬਣਦੀ ਜਾਵੇ ਇਕੋ ਟੋਲੀ[35]

ਇਸੇ ਪ੍ਰਕਾਰ ਕਵੀ ਰਿਜ਼ਕ ਦੀ ਭਾਲ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਪਰਵਾਸ ਕਰ ਰਹੇ ਭਾਰਤੀ/ਪੰਜਾਬੀ ਲੋਕਾਂ ਦੀ ਮਜ਼ਬੂਰੀ ਤੇ ਜਾਨ ਜੋਖ਼ਮ ਵਿੱਚ ਪਾਉਣ ਵਾਲੀਆਂ ਭਿਆਨਕ ਸਥਿਤੀਆਂ ਦਾ ਵਰਣਨ ਬੜ੍ਹੇ ਯਥਾਰਥਮਈ ਢੰਗ ਨਾਲ ਕਰਦਾ ਹੈ। ਬੇਰੋਜ਼ਗਾਰੀ ਦੇ ਸਤਾਏ ਹੋਏ ਨੌਜਵਾਨ ਆਪਣੀਆਂ ਜ਼ਮੀਨਾਂ ਵੇਚਕੇ ਝੂਠੇ ਤੇ ਸਵਾਰਥੀ ਏਜੰਟਾਂ ਦੇ ਧੱਕੇ ਚੜ੍ਹਦੇ ਹਨ ਜਿਹੜਾ ਕਿ ਉਨ੍ਹਾਂ ਦੇ ਮਾਨਸਿਕ ਸੰਕਟਾਂ ਦਾ ਕਾਰਣ ਬਣਦਾ ਹੈ

ਡੀਪੋਰਟ ਕੀਤੇ ਜਾਣ ਦੀ

ਜਾਂ ਕਿਸੇ ਅਣਜਾਣ ਦੇਸ਼ ਦੇ

ਬੇ-ਪਹਿਚਾਣ ਬਾਰਡਰ ਨੂੰ

ਸਖ਼ਤ ਪਹਿਰੇ ਤੋਂ ਬਚਦੇ

ਗੋਲੀਆਂ ਦੀ ਵਾਛੜ ਤੋਂ ਬਚਦੇ

ਜ਼ਹਿਰੀਲੇ ਜੰਤੂਆਂ ਦਾ

ਸ਼ਿਕਾਰ ਹੋਣ ਤੋਂ ਬਚਦੇ

ਅਨਜਾਣੀਆਂ ਟਨਲਜ਼ ਵਿੱਚ ਦੀ ਲੰਘਦੇ

ਜਿੱਥੇ ਕਦੇ ਵੀ ਹੜ੍ਹ ਆ ਜਾਏ

ਤੇ ਬੰਦੇ ਦੇ ਮਰ ਜਾਣ ਦੀ

ਕਿਸੇ ਅਣਜਾਣ

ਭੇਖੀ ਸਵਾਰਥੀ ਲਾਲਚੀ

ਏਜੰਟ ਦੇ ਕਹੇ

ਆਪਣੀ ਜਾਨ

ਆਪਣੇ ਬੱਚਿਆਂ ਦੀ ਜਾਨ

ਜੋਖ਼ਮ ਵਿੱਚ ਪਾ ਕੇ

ਰਾਤ ਬਰਾਤੇ ਬਾਰਡਰ ਟੱਪਣ ਦੀ[36]

**ਵਿਅੰਗਾਤਮਕ ਸ਼ੈਲੀ:** ਪਿਆਰਾ ਸਿੰਘ ਕੁੱਦੋਵਾਲ ਦੀ ਖਾਸੀਅਤ ਇਸ ਗੱਲ ਵਿੱਚ ਨਿਹਿਤ ਹੈ ਕਿ ਉਹ ਦੋਗਲੇ ਕਿਰਦਾਰਾਂ ਵਾਲੇ ਲੋਕਾਂ ਉਪਰ ਵਿਅੰਗ ਕੱਸਦਾ ਹੈ। ਉਸਦੀ ਸ਼ਾਇਰੀ ਹਰ ਉਸ ਘਟਨਾ, ਵਿਅਕਤੀ ਨੂੰ ਆਪਣੇ ਕਾਵਿ ਕੈਨਵਸ ਉੱਪਰ ਉਤਾਰਨ ਦਾ ਯਤਨ ਕਰਦੀ ਹੈ ਜੋ ਆਪਣੇ ਨਿੱਜੀ ਮੁਫਾਦਾਂ ਨੂੰ ਅਹਿਮੀਅਤ ਦਿੰਦੇ ਹੋਏ ਮਨੁੱਖਤਾ ਲਈ ਘਾਤਕ ਪ੍ਰਸਥਿਤੀਆਂ ਸਿਰਜਦਾ ਹੈ। ਉਹ ਪੂੰਜੀਵਾਦੀ ਮੁਲਕਾਂ ਦੀ ਖੋਖਲੀ ਤਸਵੀਰ ਦਾ ਖੰਡਣ ਕਰਦਾ ਹੋਇਆ ਵਿਅੰਗਮਈ ਸ਼ੈਲੀ ਰਾਹੀ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਕਵੀ ਆਪਣੀ ਕਵਿਤਾ 'ਗਾਰਬੇਜ਼ ਕੁਲੈਕਟਰ' ਵਿੱਚ ਪੂੰਜੀਵਾਦੀ ਮਨੁੱਖ ਦੀ ਦੋਗਲੀ ਮਾਨਸਿਕ ਸਥਿਤੀ ਦਾ ਵਰਣਨ ਬੜੇ ਹੀ ਕਲਾਤਮਕ ਢੰਗ ਨਾਲ ਕਰਦਾ ਹੈ:

ਚੰਗੀਆਂ ਭਲੀਆਂ ਚੀਜ਼ਾਂ

ਚੁੱਕ ਚੁੱਕ ਸੁੱਟੀ ਜਾਂਦਾ

ਮਹਿੰਗੇ ਸੂਟ

ਮਹਿੰਗੀਆਂ ਸ਼ਰਟਾਂ ਪਾਂਦਾ

ਇਕ ਦੋ ਧੋਆਂ ਬਾਅਦ

ਮਨ ਉਹਦਾ ਅੱਕਲਾਂਦਾ

ਐ ਤੁਸੀਂ ਲੈ ਜਾਓ

ਐ ਤੁਸੀਂ ਲੈ ਜਾਓ

ਸਭ ਦੇ ਤਰਲੇ ਪਾਂਦਾ!

ਫਿਰ ਦਫ਼ਤਰ ਦਾ

ਫੋਨ ਘੁੰਮਾ ਕੇ

ਸਾਰੇ ਜੱਗ ਨੂੰ ਸੁਣਾਂਕੇ

ਉਹ ਫੁਰਮਾਉਂਦਾ

ਫਲਾਨਾ ਸਿਓਂ

ਕੱਪੜੇ ਮੈਥੋਂ ਮੰਗ ਮੰਗ ਪਾਂਦਾ

ਤੇ ਲੋਕਾਂ ਤੇ ਰੋਅਬ ਜਮਾਂਦਾ

ਬੇਸ਼ੱਕ ਮੇਰਾ ਨਾਮ ਲੈ ਲਿਓ

ਸਭ ਨੂੰ ਸੱਚ ਮਨਾਉਂਦਾ।[37]

**ਪ੍ਰਸ਼ਨਮੂਲਕ ਸ਼ੈਲੀ:** ਪ੍ਰਸ਼ਨਮੂਲਕ ਸ਼ੈਲੀ ਦੀ ਮੱਦਦ ਨਾਲ ਪਾਠਕ ਮਨ ਅੰਦਰ ਸ਼ੰਕਾ ਪੈਦਾ ਕਰਕੇ ਉਸ ਨੂੰ ਆਪਣੇ ਆਲੇ-ਦੁਆਲੇ ਬਾਰੇ ਸੋਚਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਕਵੀ ਜਦੋਂ ਗੰਭੀਰ ਮਸਲਿਆਂ ਨੂੰ ਆਪਣੀਆਂ ਕਵਿਤਾਵਾਂ ਦਾ ਹਿੱਸਾ ਬਣਾਉਂਦਾ ਹੈ ਤਾਂ ਉਨ੍ਹਾਂ ਮਸਲਿਆਂ ਦੇ ਸਬੰਧ ਵਿੱਚ ਉਹ ਪਾਠਕਾਂ ਲਈ ਇਕ ਸੰਵਾਦ ਪੈਦਾ ਕਰਦਾ ਹੈ ਜਿਹੜਾ ਕਿ ਪ੍ਰਸ਼ਨੋਤਰੀ ਵਿਧੀ ਵਿੱਚ ਸੰਚਾਰਿਤ ਕੀਤਾ ਜਾਂਦਾ ਹੈ। ਪਿਆਰਾ ਸਿੰਘ ਕੁੱਦੋਵਾਲ ਦੀਆਂ ਕਵਿਤਾਵਾਂ ਇਸ ਸ਼ੈਲੀ ਵਿੱਚ ਲਿਖੀਆਂ ਮਿਲਦੀਆਂ ਹਨ। ਉਸਦੀ ਕਲਮ ਮਾਨਵੀ ਅਹਿਸਾਸਾਂ ਨਾਲ ਪੂਰੀ ਤਰ੍ਹਾਂ ਲਬਰੇਜ਼ ਹੈ। ਉਹ ਆਪਣੀ ਕਵਿਤਾ 'ਮੁਆਫੀ' ਵਿੱਚ ਜੰਗ ਦੀ ਭੇਂਟ ਚੜ੍ਹੇ ਨੌਜਵਾਨਾਂ ਲਈ ਗਹਿਰਾ ਦੁੱਖ ਪ੍ਰਗਟ ਕਰਦਾ ਹੈ। ਉਹ ਜੰਗਵਾਦੀ ਮਾਹੌਲ ਦਾ ਵਰਣਨ ਕਰਦਾ ਹੋਇਆ ਇਸ ਵਿੱਚੋਂ ਪੈਦਾ ਹੋਣ ਵਾਲੇ ਸੰਕਟਾਂ ਵੱਲ ਲੋਕਾਂ ਦਾ ਧਿਆਨ ਦੁਆਉਂਦਾ ਹੈ। ਉਹ ਹੱਦਾਂ-ਸਰਹੱਦਾਂ ਦੇ ਰੌਲੇ ਅਤੇ ਰਾਜਨੀਤੀ ਤੋਂ ਲੋਕਾਂ ਨੂੰ ਸੁਚੇਤ ਕਰਦਾ ਹੈ। ਉਹ ਰਾਜਨੀਤਕ ਹਿੰਸਾ ਅਤੇ ਮਾਰਧਾੜ ਖਿਲਾਫ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਉਹ ਜਾਗਦੀਆਂ ਜ਼ਮੀਰਾਂ ਵਾਲੇ ਲੋਕਾਂ ਨੂੰ ਪ੍ਰਸ਼ਨ ਕਰਦਾ ਹੈ:

ਵਿਦੇਸ਼ੀ ਧਰਤੀ ਤੇ ਰੁਲਦੇ

ਆਜ਼ਾਦੀ ਦੇ ਨਾਂ ਥੱਲੇ

ਗੁਲਾਮ ਜ਼ਿੰਦਗੀ ਜੀਉਂਦੇ

ਵਕਤ-ਬ-ਵਕਤ ਨਾਅਰੇ ਬਾਜੀ ਕਰਦੇ

ਕੁਝ ਵਪਾਰ ਵਧਾਉਂਦੇ

ਕੁਝ ਸੱਚੇ ਸੁੱਚੇ

ਸਿਰਫ਼ 'ਸ਼ਹੀਦ' ਹੋਣ ਲਈ

ਇੰਤਜ਼ਾਰ ਕਰਦੇ

ਕਈ ਜਨੂੰਨੀ

ਸਿਰਫ਼ ਇਹੋ ਸ਼ਬਦ ਪੜ੍ਹਦੇ

"ਮਰਨਾ ਮਾਰਨਾ ਮਰਨਾ ਮਾਰਨਾ"

ਤਾਂ ਮੇਰੀਆਂ ਨਜ਼ਮਾ ਵਿੱਚੋਂ

ਖ਼ੂਬਸੂਰਤ ਹੋਠਾਂ ਤੇ

ਚਿਪਕੀ ਲਿਪਸਟਿਕ ਦੀ ਥਾਂ

ਮਨੁੱਖੀ ਲਹੂ ਦੇ ਗਰਮ ਟੇਪੇ

ਟਪਕਣ ਲੱਗਦੇ ਨੇ

ਤੁਸੀਂ ਦੱਸੋ

ਕੀ ਨਜ਼ਰਅੰਦਾਜ਼ ਕਰ ਸਕੋਗੇ

ਨਿੱਤ ਡੁੱਲ੍ਹ ਰਹੇ

ਲਹੂ ਦਾ ਰੰਗ ??[38]

**ਸੰਬੋਧਨ ਵਿਧੀ:** ਕਵੀ ਆਪਣੇ ਜਜ਼ਬਾਤ ਪ੍ਰਗਟਾਉਣ ਲਈ ਸੰਬੋਧਨ ਵਿਧੀ ਦੀ ਵਰਤੋਂ ਕਰਦਾ ਹੈ। ਉਹ ਵਾਰ ਵਾਰ ਜਨਸਮੂਹ ਨੂੰ ਕਿਸੇ ਨਾ ਕਿਸੇ ਮਸਲੇ ਤੇ ਸੰਬੋਧਤ ਹੁੰਦਾ ਹੈ। ਕਵੀ ਆਪਣੀਆਂ ਕਵਿਤਾਵਾਂ ਦੇ ਵਿਸ਼ਿਆਂ ਦੇ ਅਨੁਕੂਲ ਹੀ ਇਸ ਵਿਧੀ ਦੀ ਵਰਤੋਂ ਕਰਦਾ ਹੈ। ਕਵੀ ਇਸ ਵਿਧੀ ਦੀ ਵਰਤੋਂ ਨਾਲ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਇਹ ਵਿਧੀ ਉਸਦੇ ਸਮੁੱਚੇ ਕਾਵਿ ਵਿੱਚ ਰੌਚਿਕਤਾ ਪੈਦਾ ਕਰਦੀ ਹੈ। ਪਿਆਰਾ ਸਿੰਘ ਕੁੱਦੋਵਾਲ ਨੇ ਆਪਣੀ ਸ਼ਾਇਰੀ ਵਿੱਚ ਇਸ ਵਿਧੀ ਦਾ ਉਪਯੋਗ ਬੜੀ ਖ਼ੂਬਸੂਰਤੀ ਨਾਲ ਕੀਤਾ ਹੈ।

**ਸਵੈ ਨੂੰ ਸੰਬੋਧਨ:** ਸਵੈ-ਸੰਬੋਧਨ ਦਾ ਅਰਥ ਹੈ ਜਦੋਂ ਸਾਹਿਤਕਾਰ ਆਪਣੇ ਆਪ ਨੂੰ ਸੰਬੋਧਨ ਹੁੰਦਾ ਹੈ। ਕਵੀ ਆਪਣੇ ਨਿੱਜੀ ਭਾਵਾਂ ਨੂੰ ਅਭਿਵਿਅਕਤ ਕਰਨ ਲਈ ਜਿਸ ਵਿਧੀ ਦੀ ਵਰਤੋਂ ਕਰਦਾ ਹੈ ਉਸਨੂੰ ਸਵੈ ਸੰਬੋਧਨ

ਕਿਹਾ ਜਾਂਦਾ ਹੈ। ਪਿਆਰਾ ਸਿੰਘ ਕੁੱਦੋਵਾਲ ਸਮਾਜ ਵਿੱਚ ਫ਼ੈਲੇ ਜੰਗੀ ਤੇ ਅਸਥਿਰਤਾ ਦੇ ਮਾਹੌਲ ਦੀ ਗੱਲ ਕਰਦਾ ਹੈ। ਉਹ ਖ਼ੁਦ ਨੂੰ ਇੱਕ ਸ਼ਾਤੀ ਦੂਤ ਵਾਂਗ ਸਮੁੱਚੀ ਮਾਨਵਤਾ ਲਈ ਇਸ ਜੰਗੀ ਮਾਹੌਲ ਖਿਲਾਫ਼ ਡਟੇ ਰਹਿਣ ਲਈ ਦ੍ਰਿੜ ਕਰਦਾ ਹੈ। ਇਸ ਕਾਰਜ ਲਈ ਉਹ ਵਾਰ ਵਾਰ ਆਤਮ-ਸੰਵਾਦ ਵਿੱਚ ਉਤਰਦਾ ਹੈ:

ਤੂੰ ਹੀ ਸਾਗਰ ਵਾਂਗ, ਖੌਲਣਾ ਤੇ ਮਚਲਣਾ।
ਮੈਂ ਧਰਤੀ ਵਾਂਗ, ਚੁੱਪ-ਚਾਪ ਹੈ ਵਿਗਸਣਾ।

ਚੰਨ ਲਹਿਰ ਤੇ ਰੀਝਦਾ, ਲੈ ਕੇ ਉਧਾਰੀ ਰੌਸ਼ਨੀ
ਤੇਰਾ ਵੀ ਕੀ ਏ ਚਲਣ, ਗੱਲ ਗੱਲ ਤੇ ਤਿਲ੍ਹਕਣਾ।

ਅੱਜ ਕੱਲ ਚੁੱਪ ਚਾਪ ਹੀ, ਵਰ੍ਹਦੀ ਅੱਗ ਅਕਾਸ਼ 'ਚੋਂ
ਨਾ ਤਲਵਾਰਾਂ ਦੀ ਖੜਕ, ਨਾ ਘੋੜਿਆਂ ਦਾ ਹਿਣਕਣਾਂ।

ਅੱਗ ਪਾਣੀ ਹਵਾ ਮਿੱਟੀ, ਅਕਾਸ਼ ਬਿਖਰ ਗਏ
ਮੁੜ ਗਏ ਨੇ ਸਾਥੀ, ਪਲ ਦੋ ਪਲ ਦਾ ਵਿਲਕਣਾ।

ਕੁੱਦੋਵਾਲ ਜੱਗ ਤੇ, ਤੂੰ ਸ਼ਾਂਤੀ ਦਾ ਦੂਤ ਬਣ
ਜੰਗ ਨੇ ਵੀ ਜੱਗ ਤੇ, ਹੈ ਭੂਤ ਬਣ ਕੇ ਵਿਚਰਨਾ।[39]

ਇਸੇ ਪ੍ਰਕਾਰ ਕਵੀ ਪਿਆਰ ਵਰਗੇ ਕੋਮਲ ਅਹਿਸਾਸ ਦੀ ਗੱਲ ਕਰਦਾ ਹੈ। ਉਹ ਮੁਹੱਬਤ ਦੀ ਤਾਕਤ ਨੂੰ ਜਾਣਦਾ ਹੋਇਆ ਇਸ ਵਿੱਚੋਂ ਮਿਲਣ ਵਾਲੀ ਊਰਜਾ ਤੇ ਗ਼ਮ ਬਾਰੇ ਵੀ ਸੁਚੇਤ ਹੈ। ਉਸਦੀ ਕਵਿਤਾ ਵਿੱਚ ਇਹ ਅਹਿਸਾਸ ਨਹੀਂ ਊਰਜਾ ਤੇ ਰੋਸ਼ਨੀ ਪੈਦਾ ਕਰਦਾ ਹੈ।

ਜਿਵੇਂ ਗਾਲਿਬ ਨੇ ਲਿਖਿਆ ਹੈ:

ਅੱਗ ਇਸ਼ਕ ਦੀ
ਲਗਦੀ ਨਾ ਲਗਾਈ
ਬੁੱਝਦੀ ਨਾ ਬੁਝਾਈ ਵੀ

ਕੁੱਦੋਵਾਲ ਜੇ ਜੀਣਾ ਪਵੇ

ਮੁਹੱਬਤ ਤੋਂ ਬਗੈਰ ਤਾਂ

ਜੀਉਂਦਾ ਹੈ ਆਦਮੀ

ਇਹ ਗ਼ਮ ਵੀ ਹੈ ਗਮਖ਼ਾਰਾਂ ਲਈ

ਤੇ ਗਮ ਦੀ ਦਵਾਈ ਵੀ[40]

**ਸਮਾਜ ਨੂੰ ਸੰਬੋਧਨ:** ਪਿਆਰਾ ਸਿੰਘ ਕੁੱਦੋਵਾਲ ਦੀਆਂ ਕਵਿਤਾਵਾਂ ਸਮਾਜ ਨੂੰ ਸਿੱਧੇ ਰੂਪ ਵਿੱਚ ਸੰਬੋਧਿਤ ਹਨ। ਉਹ ਅਖੌਤੀ ਰਾਜਨਿਤਕ ਪ੍ਰਬੰਧ ਦੀਆਂ ਦੋਗਲੀਆਂ ਨੀਤੀਆਂ ਦੇ ਧੱਕੇ ਚੜ੍ਹੇ ਨੌਜਵਾਨਾਂ ਦੀ ਸ਼ਹਾਦਤ ਉੱਪਰ ਗਹਿਰਾ ਦੁੱਖ ਪ੍ਰਗਟ ਕਰਦਾ ਹੋਇਆ ਰਾਜਨੀਤਕ ਬੁਰਛਾਗਰਦੀਆਂ ਤੇ ਦਹਿਸ਼ਤ ਨੂੰ ਕਰੜੇ ਹੱਥੀਂ ਲੈਂਦਾ ਹੈ। ਉਹ ਸਮਾਜ ਨੂੰ ਮੁਖਾਤਿਬ ਹੁੰਦਾ ਹੈ ਤੇ ਇਨ੍ਹਾਂ ਅਮਾਨਵੀ ਘਟਨਾਵਾਂ ਪ੍ਰਤੀ ਸੁਚੇਤ ਕਰਦਾ ਹੈ।

ਚੱਲੇਗੀ ਸਰਕਾਰੀ ਗੋਲੀ

ਡਿੱਗ ਸਕਦੀ ਹੈ ਲਾਸ਼

ਅੱਬੂ ਜਾਨ ਦੀਆਂ ਬਾਹਵਾਂ ਵਿੱਚ

ਅੰਮੀ ਦੀ ਗੋਦ ਵਿੱਚ

ਆਕਾ ਦੀ ਝੋਲੀ ਵਿੱਚ

ਮਹਿਬੂਬ ਦੀ ਬੁੱਕਲ ਤੋਂ ਦੂਰ

ਬੱਚੇ ਦੀ ਮਾਸੂਮ ਅੱਖ 'ਚ ਕਿਰਦੇ

ਅੱਥਰੂਆਂ ਦੀ ਪਹੁੰਚ ਤੋਂ ਦੂਰ

ਆਉ! ਜਿਸ ਹੋਣਾ ਹੈ

ਅਖੌਤੀ ਲੋਕ ਰਾਜ ਦੀਆਂ

ਦੰਭੀ ਚੋਣਾਂ ਲਈ ਕੁਰਬਾਨ

ਯਾਦ ਰਹੇ !

ਇੱਥੇ ਸਰਕਾਰੀ ਗੋਲੀ ਦਾ ਤਾਂ ਮੁੱਲ ਹੈ

ਕਿਸੇ ਨੌਜਵਾਨ ਦੀ ਉਸੇ ਗੋਲੀ ਨਾਲ

ਡਿੱਗੀ ਲਾਸ਼ ਦਾ ਕੋਈ ਮੁੱਲ ਨਹੀਂ

ਮੌਤ ਮੁੱਲ ਵਿਕਦੀ ਹੈ"[1]

ਇਸੇ ਤਰ੍ਹਾਂ ਕਵੀ ਸਮਾਜ ਅੰਦਰ ਵਿਚਰ ਰਹੇ ਲਾਲਚੀ ਤੇ ਖੁਦਗਰਜ਼ ਲੋਕਾਂ ਦੀ ਮਾਨਸਿਕ ਸਥਿਤੀ ਦਾ ਵਰਣਨ ਕਰਦਾ ਹੈ। ਉਹ ਮਜ਼ਬੀ ਤੇ ਜਾਤੀ ਸੰਕੀਰਨਤਾ ਨੂੰ ਸਮਾਜਿਕ ਵਿਕਾਸ ਵਿੱਚ ਵੱਡੀ ਰੁਕਾਵਟ ਮੰਨਦਾ ਹੈ। ਇਹ ਪਾਸਾਰ ਉਸਦੀ ਕਵਿਤਾ ਦਾ ਬੜਾ ਮਹੱਤਪੂਰਨ ਅੰਗ ਬਣਦਾ ਹੈ:-

ਕਈ ਤੀਰਾਂ

ਤਲਵਾਰਾਂ

ਚਾਕੂ

ਛੁਰੀਆਂ

ਕਟਾਰ

ਨਾਲ਼ ਮਾਸ ਨੋਚਦੇ

ਕਈ ਜੰਬੂਰਾਂ ਨਾਲ਼

ਕਈ ਤਾਹਨਿਆਂ

ਮਿਹਣਿਆਂ

ਦੀਆਂ ਨਛੱਤਰਾਂ ਨਾਲ਼

ਮਨ ਆਤਮਾ ਨੂੰ

ਲਹੂ ਲੁਹਾਨ ਕਰਦੇ

ਨਾ ਜੀਣ ਦਿੰਦੇ

ਕਿਸੇ ਨੂੰ

ਨਾ ਖੁਦ ਜੀਉਂਦੇ ਨੇ !"[2]

**ਪਤਨੀ ਨੂੰ ਸੰਬੋਧਨ:** ਕਵੀ ਆਪਣੇ ਨਿੱਜੀ ਖਿਆਲਾਂ ਦੀ ਅਭਿਵਿਅਕਤੀ ਲਈ ਆਪਣੀ ਪ੍ਰੇਮਿਕਾ/ਪਤਨੀ ਨੂੰ ਜਜ਼ਬਾਤੀ ਲਹਿਜੇ ਵਿੱਚ ਸੰਬੋਧਿਤ ਹੁੰਦਾ ਹੈ। ਉਹ ਪਿਆਰ ਦੇ ਅਹਿਸਾਸ ਨਾਲ ਲਬਰੇਜ਼ ਆਪਣਾ ਹਰ ਖ਼ਵਾਬ ਆਪਣੀ ਪਤਨੀ ਦੇ ਨਾਂ ਕਰਦਾ ਹੈ। ਉਹ ਮੁਹੱਬਤ ਦਾ ਸੁਪਨਾ ਸਿਰਜਦਾ ਹੈ ਤੇ ਫਿਰ ਇਸ ਸੁਪਨੇ ਦੀ ਪੂਰਤੀ ਲਈ ਨਵੇਂ ਦਿਸਹੱਦਿਆਂ ਵਿੱਚ ਪ੍ਰਵੇਸ਼ ਕਰਦਾ ਹੈ। ਉਸਦਾ ਭਾਵ-ਸੰਸਾਰ ਬੜਾ ਵਿਸ਼ਾਲ ਹੈ:-

ਹਰ ਪਲ ਲੰਘਿਆ ਤੇਰੇ ਸੰਗ, ਇੱਕ ਕਹਾਣੀ ਦੱਸਦਾ
ਹਰ ਕਹਾਣੀ ਦੇ ਅੰਤ ਵਿੱਚ, ਦਸ ਮੈਂ ਕਿਸਦਾ ਨਾਂ ਲਿਖਾਂ।

ਪਗਡੰਡੀਆਂ, ਸੜਕਾਂ, ਨਹਿਰਾਂ, ਸਮੁੰਦਰ, ਮਾਣੇ ਸੱਭ
ਉਹਨਾਂ ਸਾਰੀਆਂ ਪੈੜ੍ਹਾਂ ਨੂੰ, ਅੱਜ ਮੈਂ ਤੇਰੇ ਨਾਂ ਲਿਖਾਂ

ਜਾਨੂੰ ਜਾਨਾਂ ਪਿਆਰਾ ਪਿਆਰੇ "ਸੁਣਿਓਂ" ਤੂੰ ਹੀ ਰੱਖੇ
ਤੈਨੂੰ ਜਿਹੜਾ ਚੰਗਾ ਲੱਗੇ, ਅੱਜ ਮੈਂ ਉਹ ਹੀ ਨਾਂ ਲਿਖਾਂ।

ਕੁੱਦੋਵਾਲ ਤੋਂ ਬਹੁਤ ਅਗੇਰੇ, ਤੇਰੀ ਥਾਹ ਨਾ ਪਾ ਸਕਿਆ
"ਸੁਰਜੀ" ਬਣਕੇ ਤੂੰਹੀਓਂ ਦੱਸ ਦੇ, ਕੀ ਲਿਖਾਂ ਕੀ ਨਾਂ ਲਿਖਾਂ।"[3]

**ਸੰਵਾਦ ਵਿਧੀ**

ਸੰਵਾਦ ਕਿਸੇ ਖਾਸ ਵਿਸ਼ੇ ਉੱਪਰ ਦੋ ਧਿਰਾਂ ਦੁਆਰਾ ਕੀਤਾ ਜਾਂਦਾ ਗਹਿਰਾ ਵਿਚਾਰ ਵਿਮਰਸ਼ ਹੈ। ਇਸ ਵਿਧੀ ਰਾਹੀਂ ਕਈ ਗੰਭੀਰ ਮਸਲਿਆਂ ਨੂੰ ਬੜੀ ਅਸਾਨੀ ਨਾਲ ਹੱਲ ਕੀਤਾ ਜਾਂਦਾ ਹੈ। 'ਸਿੱਧ ਗੋਸਟ' ਬਾਣੀ ਵਿੱਚ ਬਾਬੇ ਨਾਨਕ ਨੇ ਇਸ ਵਿਧੀ ਨਾਲ ਭੁੱਲੇ ਭਟਕੇ ਸਾਧੂਆਂ ਨੂੰ ਸੱਚ ਦਾ ਰਾਹ ਵਿਖਾਇਆ। ਉਨ੍ਹਾਂ ਨੇ ਅੰਧ ਵਿਸ਼ਵਾਸ ਵਿੱਚ ਫ਼ਸੀ ਮਾਨਵਤਾ ਦੇ ਪ੍ਰਸ਼ਨਾਂ ਦਾ ਹੱਲ ਬੜੀ ਸਹਿਜਤਾ ਨਾਲ ਕੀਤਾ। ਉਨ੍ਹਾਂ ਨੇ ਪੁਰਾਣੇ ਤੇ ਰੂੜ੍ਹ ਹੋ ਚੁੱਕੇ ਵਿਚਾਰਾਂ ਦਾ ਖੰਡਣ ਕਰਕੇ ਨਵੇਂ ਵਿਚਾਰਾਂ ਨੂੰ ਮਹੱਤਵ ਦਿੱਤਾ। ਕਹਿਣ ਤੋਂ ਭਾਵ ਹੈ ਕਿ ਸੰਵਾਦ ਬੜ੍ਹੇ ਲੰਬੇ ਸਮੇਂ ਤੋਂ ਹੀ ਵਿਚਾਰ/ਵਿਮਰਸ਼ ਦਾ ਵਿਸ਼ਾ ਰਿਹਾ ਹੈ। ਪੰਜਾਬੀ ਸਾਹਿਤ ਵਿੱਚ ਇਸ ਵਿਧੀ ਨੂੰ ਬੜ੍ਹਾ ਪ੍ਰਚਾਰਿਆ ਤੇ ਪ੍ਰਸਾਰਿਆ ਗਿਆ ਹੈ। ਸੰਵਾਦ ਰਚਾਉਣਾ ਆਪਣੇ ਆਪ ਵਿੱਚ ਹੀ ਇੱਕ ਵੱਡੀ ਕਲਾ ਹੈ। ਪਿਆਰਾ ਸਿੰਘ ਕੁੱਦੋਵਾਲ ਦੀ ਇਹ ਖਾਸੀਅਤ ਹੈ ਕਿ ਉਸਨੇ ਆਪਣੀਆਂ ਕਵਿਤਾਵਾਂ ਨੂੰ ਗਹਿਰੇ ਸੰਵਾਦ ਦੇ

ਘੇਰੇ ਅੰਦਰ ਖੜ੍ਹਾ ਕੀਤਾ ਹੈ। ਕਵੀ ਨਾਰੀਵਾਦੀ ਨਜ਼ਰੀਏ ਤੋਂ ਔਰਤ ਦੀ ਹੋਂਦ ਦੀ ਗੱਲ ਕਰਦਾ ਹੋਇਆ ਉਸਦੀ ਸਮਾਜਿਕ ਅਹਿਮੀਅਤ ਨੂੰ ਦਰਸਾਉਂਦਾ ਹੈ:

ਕੀ ਨਦੀਆਂ ਦਾ ਨਾਂ ਵੇ ਲੋਕਾ
ਨਿਰਮਲ ਪਾਣੀ ਰੰਗ ਬਿਰੰਗੀ ਛਾਂ ਵੇ ਲੋਕਾ
ਨਦੀ ਜਨਮ ਤੋਂ ਸੁੱਟੀ ਜਾਵੇ
ਕੰਢਿਆਂ ਅੰਦਰ ਕੁੱਟੀ ਜਾਵੇ
ਮੁੜ ਕਦ ਵੰਝਣਾਂ ਜੰਮਣ ਭੋਇੰ
ਜਾਣਾ ਦੂਰ ਗਰਾਂ ਵੇ ਲੋਕਾ
ਕੀ ਨਦੀਆਂ ਦਾ ਸਹਿਜ ਵਹਾਅ
ਲਹਿਰ ਲਹਿਰ ਦੁੱਖਾਂ ਦਾ ਰਾਹ
ਮਾਨਵ ਦੇ ਕੁਹਜ ਨੂੰ ਢੱਕਣ
ਲੰਘਦੀ ਥਾਂ ਥਾਂ ਵੇ ਲੋਕਾ
ਕੀ ਨਦੀਆਂ ਦਾ ਨਾਂ ਵੇ ਲੋਕਾ[54]

ਕਵੀ ਪੂੰਜੀਵਾਦੀ ਮੁਲਕਾਂ ਦੀ ਧੌਂਸਵਾਦੀ ਪ੍ਰਵਿਰਤੀ ਤੇ ਉਨ੍ਹਾਂ ਦੁਆਰਾ ਸਿਰਜੇ ਜਾਂਦੇ ਜੰਗਵਾਦੀ ਮਾਹੌਲ ਅਤੇ ਭ੍ਰਿਸ਼ਟ ਰਾਜਸੀ ਪ੍ਰਬੰਧ ਦਾ ਖੰਡਣ ਕਰਦਾ ਹੋਇਆ ਉਨ੍ਹਾਂ ਵੱਲੋਂ ਵਰਤੇ ਜਾਂਦੇ ਗਲਤ ਹੱਥਕੰਡਿਆਂ ਦੀ ਨਿਖੇਧੀ ਕਰਦਾ ਹੈ। ਕਵੀ ਸਾਰੀ ਜਨਤਾ ਨੂੰ ਇਸ ਮਸਲੇ ਬਾਰੇ ਜਾਗਰੂਕ ਕਰਦਾ ਹੈ। ਇਹ ਚੇਤਨਾਮਈ ਝਲਕਾਰੇ ਕੁਦੋਵਾਲ ਦੀ ਕਵਿਤਾ ਨੂੰ ਸ਼ਕਤੀਸ਼ਾਲੀ ਤੇ ਸਮਰੱਥ ਬਣਾਉਂਦੇ ਹਨ:-

ਹੁਣ ਸਾਡੇ
ਸਿਰਾਂ ਵਿੱਚ ਲੁਕੇ ਹੋਏ
ਨਸਲੀ ਕੱਟੜਤਾ ਦੇ ਸਿੰਗ
ਹੋਰ ਵੱਡੇ ਹੋ ਗਏ ਹਨ
ਕੁਰੱਪਟ ਰਾਜਨੀਤੀ ਦੀ
ਦੱਭ ਵੱਡੀ ਹੋ ਗਈ

ਪੂਰਣ ਤਾਕਤ ਪ੍ਰਾਪਤੀ

ਸੂਏ ਰੰਗ ਬਰੰਗੇ

ਵੱਡੇ ਛੋਟੇ

ਨੇਜੇ ਭਾਲੇ ਬਣ ਚੁੱਕੇ ਨੇ

ਹੁਣ ਧਰਮ ਦੇ ਨਾਂ ਤੇ

ਅਜ਼ਾਦੀ ਦੇ ਨਾਂ ਤੇ

ਲੋਕ ਰਾਜ ਦੇ ਨਾਂ ਤੇ

ਮਨੁੱਖਤਾ ਦਾ ਕਤਲ ਕਰਨਾ

ਹੋਰ ਵੀ ਅਸਾਨ ਹੋ ਗਿਆ ਹੈ

ਹੁਣ ਨਵੇਂ ਸਵਰੂਪ ਵਿੱਚ

ਰਾਜ ਪਲਟਾ ਕਰਕੇ

ਕੀ ਹਰਨਾਖ਼ਸ਼ ਦੀ ਰੂਹ

ਧਰਤੀ ਤੇ ਮੁੜ ਰਾਜ ਕਰੇਗੀ

ਆਮੀਨ !![45]

ਪਿਆਰਾ ਸਿੰਘ ਕੁੱਦੋਵਾਲ ਦੇ ਕਾਵਿ-ਸੰਸਾਰ ਨੂੰ ਵਿਚਾਰਦਿਆਂ ਇੱਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਸਨੂੰ ਕਾਵਿ ਰੂਪਾਂ ਦੀ ਚੰਗੀ ਸਮਝ ਹੈ। ਉਸ ਦੁਆਰਾ ਸੰਵਾਦ ਵਿਧੀ ਦੀ ਕੀਤੀ ਗਈ ਸੁਚੱਜੀ ਵਰਤੋ ਉਸਦੀ ਕਵਿਤਾ ਨੂੰ ਰੌਚਕ ਤੇ ਸੁਹਜ ਭਰਪੂਰ ਬਣਾਉਂਦੀ ਹੈ। ਉਸ ਦੁਆਰਾ ਵਰਤੇ ਗਏ ਰਸ, ਬਿੰਬ, ਅਲੰਕਾਰ ਕਵਿਤਾ ਨੂੰ ਖ਼ੂਬਸੂਰਤ ਬਣਾਉਂਦੇ ਹਨ। ਭਾਰਤੀ ਤੇ ਪੱਛਮੀ ਜੀਵਨ ਸ਼ੈਲੀ ਵਿੱਚੋਂ ਲਏ ਗਏ ਬਿੰਬ ਉਸਦੇ ਕਾਵਿ ਕਰਮ ਨੂੰ ਕਲਾਤਮਿਕਤਾ ਦੀਆਂ ਬੁਲੰਦੀਆਂ ਤੱਕ ਪਹੁੰਚਾਉਂਦੇ ਹਨ। ਉਸਦੀ ਕਾਵਿ ਸ਼ੈਲੀ ਵਿਲੱਖਣਤਾ ਦੀ ਧਾਰਨੀ ਹੈ। ਕਵੀ ਵੱਲੋਂ ਵਰਤੇ ਗਏ ਸ਼ਬਦ ਉਸਦੀ ਪੰਜਾਬੀ, ਉਰਦੂ-ਫਾਰਸੀ, ਤੇ ਅੰਗਰੇਜ਼ੀ ਭਾਸ਼ਾਵਾਂ ਉਪਰ ਚੰਗੀ ਪਕੜ ਦਾ ਪ੍ਰਮਾਣ ਪੇਸ਼ ਕਰਦੇ ਹਨ। ਉਸਦੀ ਵਿਲੱਖਣ ਕਾਵਿ ਪ੍ਰਤਿਭਾ ਉਸਦੀ ਕਵਿਤਾ ਨੂੰ ਕਲਾ ਅਤੇ ਸੁਹਜ ਦੇ ਪੱਖ ਤੋਂ ਨਿਖਾਰਣ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ।

# ਹਵਾਲੇ ਅਤੇ ਟਿੱਪਣੀਆਂ


1. ਡਾ ਸਤਿੰਦਰ ਸਿੰਘ, **ਆਧੁਨਿਕ ਪੰਜਾਬੀ ਕਾਵਿ ਰੂਪ-ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980, ਪੰਨਾ 14
2. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 23
3. ਉਹੀ, ਪੰਨਾ 37
4. ਡਾ ਪ੍ਰੇਮ ਪ੍ਰਕਾਸ਼ ਧਾਲੀਵਾਲ, **ਕਾਵਿ ਦੇ ਤੱਤ**, ਲਾਹੌਰ ਬੁਕਸ, ਲੁਧਿਆਣਾ, 1980, ਪੰਨਾ 131
5. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 59
6. ਉਹੀ, ਪੰਨਾ 107
7. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2009, ਪੰਨਾ 51
8. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 76
9. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2009, ਪੰਨਾ 77
10. ਡਾ ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਭਾਰਤੀ ਕਾਵਿ ਸ਼ਾਸਤ੍ਰ, ਮਦਾਨ ਪਬਲੀਸ਼ਿੰਗ ਹਾਊਸ, ਪਟਿਆਲਾ, 2019 ਪੰਨਾ 130
11. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 38
12. ਉਹੀ, ਪੰਨਾ 42

13. ਉਹੀ, ਪੰਨਾ 41

14. ਉਹੀ, ਪੰਨਾ 53

15. ਡਾ ਪ੍ਰੇਮ ਪ੍ਰਕਾਸ਼ ਧਾਲੀਵਾਲ ਭਾਰਤੀ ਕਾਵਿ ਸ਼ਾਸਤ੍ਰ ਮਦਾਨ ਪਬਲੀਸ਼ਿੰਗ ਹਾਊਸ ਪਟਿਆਲਾ 2019 ਪੰਨਾ 86

16. ਉਹੀ, ਪੰਨਾ 29

17. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ. 2009. ਪੰਨਾ 38

18. ਉਹੀ, ਪੰਨਾ 41

19. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015. ਪੰਨਾ 39

20. **ਪੰਜਾਬੀ ਵਿਸ਼ਵਕੋਸ਼**, ਜਿਲਦ ਸੱਤਵੀਂ, ਭਾਸ਼ਾ ਵਿਭਾਗ ਪੰਜਾਬ, 2015, ਪੰਨਾ 9

21. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2009. ਪੰਨਾ 69

22. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015. ਪੰਨਾ 16

23. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼. ਪਟਿਆਲਾ. 2009. ਪੰਨਾ 23

24. ਉਹੀ, ਪੰਨਾ 85

25. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ. 2015. ਪੰਨਾ 82

26. ਉਹੀ, ਪੰਨਾ 85

27. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2009, ਪੰਨਾ 64

28. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਭਾਰਤੀ ਕਾਵਿ ਸ਼ਾਸਤ੍ਰ, ਮਦਾਨ ਪਬਲੀਸ਼ਿੰਗ ਹਾਊਸ, ਪਟਿਆਲਾ, 2019, ਪੰਨਾ-106

29. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ,ਲੁਧਿਆਣਾ, 2015, ਪੰਨਾ 91

30. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2009, ਪੰਨਾ 76

31. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 66

32. ਉਹੀ, ਪੰਨਾ 37

33. ਉਹੀ, ਪੰਨਾ 40

34. ਉਹੀ, ਪੰਨਾ 56-57

35. ਹਰਿਭਜਨ ਸਿੰਘ, **ਸਾਹਿਤ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2010, ਪੰਨਾ 26

36. ਡਾ. ਗੋਪਾਲ ਸਿੰਘ, **ਸਾਹਿਤ ਦੀ ਪਰਖ਼**, ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1953, ਪੰਨਾ 30

37. ਡਾ. ਸਤਿੰਦਰ ਸਿੰਘ, **ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980, ਪੰਨਾ 77

38. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ 98

39. ਉਹੀ, ਪੰਨਾ 55-56

40. ਉਹੀ, ਪੰਨਾ 34, 36

41. ਉਹੀ, ਪੰਨਾ 87

42. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ 2009, ਪੰਨਾ 80

43. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ 2018, ਪੰਨਾ 95

44. ਉਹੀ, ਪੰਨਾ 60-61

45. ਉਹੀ, ਪੰਨਾ 82

46. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ**, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ 2009, ਪੰਨਾ 41

47. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ**, ਚੇਤਨਾ ਪ੍ਰਕਾਸ਼ਨ, ਲੁਧਿਆਣਾ 2015, ਪੰਨਾ 42

# ਅਧਿਆਇ : ਚੌਥਾ

# ਕੈਨੇਡਾ ਦੀ ਪੰਜਾਬੀ ਕਵਿਤਾ ਵਿੱਚ ਪਿਆਰਾ ਸਿੰਘ ਕੁੱਦੋਵਾਲ ਦਾ ਸਥਾਨ

ਪੰਜਾਬੀ ਕਵਿਤਾ ਦੇ ਖੇਤਰ ਵਿੱਚ ਪਰਵਾਸੀ ਪੰਜਾਬੀ ਕਵਿਤਾ ਦਾ ਸਥਾਨ ਬੜਾ ਅਹਿਮ ਹੈ। ਕੈਨੇਡਾ ਦੀ ਧਰਤੀ ਉੱਪਰ ਪੰਜਾਬੀਆਂ ਦੇ ਪਰਵਾਸ ਦੀ ਪ੍ਰਕਿਰਿਆ ਬੜੇ ਲੰਬੇ ਸਮੇਂ ਤੋਂ ਚੱਲਦੀ ਆਈ ਹੈ ਅਤੇ ਅਜੋਕੇ ਦੌਰ ਵਿੱਚ ਵੀ ਇਹ ਪ੍ਰਕਿਰਿਆ ਨਿਰੰਤਰ ਜਾਰੀ ਹੈ। ਕੈਨੇਡਾ ਵਿੱਚ ਰਚੀ ਜਾ ਰਹੀ ਪੰਜਾਬੀ ਕਵਿਤਾ ਇਕ ਸਦੀ ਦੇ ਲੰਬੇ ਸਮੇਂ ਵਿੱਚੋਂ ਗੁਜ਼ਰਦੀ ਹੋਈ ਅਜੋਕੀਆਂ ਪ੍ਰਸਥਿਤੀਆਂ ਨਾਲ ਸੰਵਾਦ ਰਚਾਉਣ ਦੇ ਸਮਰੱਥ ਹੋਈ ਹੈ। ਕੈਨੇਡਾ ਵਿੱਚ ਬੈਠੇ ਗਦਰ ਲਹਿਰ ਦੇ ਕਵੀਆਂ ਨੇ ਦੇਸ਼ ਦੀ ਅਜ਼ਾਦੀ ਲਈ ਇਨਕਲਾਬੀ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ ਜਿਸਦੇ ਸਿੱਟੇ ਵਜੋਂ ਕੈਨੇਡੀਅਨ ਪੰਜਾਬੀ ਕਵਿਤਾ ਨੇ ਆਪਣਾ ਅਜੋਕਾ ਮੂੰਹ ਮੁਹਾਂਦਰਾ ਅਖਤਿਆਰ ਕੀਤਾ। ਲੱਗਭਗ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਬਹੁਤ ਸਾਰੇ ਭਾਰਤੀ ਪੰਜਾਬੀ ਕੈਨੇਡਾ ਦੀ ਧਰਤੀ ਵੱਲ ਪਰਵਾਸ ਕਰਦੇ ਹਨ। ਰੋਜ਼ੀ ਰੋਟੀ ਦੀ ਭਾਲ ਵਿੱਚ ਕੈਨੇਡਾ ਆਏ ਪੰਜਾਬੀਆਂ ਨੂੰ ਵੱਖਰੇ ਕਿਸਮ ਦੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ। ਭਾਰਤੀ/ਪੰਜਾਬੀਆਂ ਨੂੰ ਵਿਦੇਸ਼ਾਂ ਅੰਦਰ ਦਰਪੇਸ਼ ਇਨ੍ਹਾਂ ਸੰਕਟਾਂ ਦਾ ਮੂਲ ਕਾਰਨ ਦੇਸ਼ ਦਾ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੇ ਹੋਣਾ ਸੀ। ਇਸੇ ਕਾਰਨ ਹੀ ਵਿਦੇਸ਼ੀ ਲੋਕਾਂ ਅੰਦਰ ਭਾਰਤੀ ਲੋਕਾਂ ਲਈ ਹੀਣ ਭਾਵਨਾ ਦਾ ਅਹਿਸਾਸ ਪੂਰੀ ਤਰ੍ਹਾਂ ਘਰ ਕਰ ਚੁੱਕਾ ਸੀ। ਗੁਲਾਮੀ ਦੇ ਅਹਿਸਾਸ ਨੇ ਪੰਜਾਬੀਆਂ ਨੂੰ ਇਸ ਕਦਰ ਹਲੂਣ ਕੇ ਰੱਖ ਦਿੱਤਾ ਕਿ ਉਨ੍ਹਾਂ ਨੇ ਵੱਡੀ ਗਿਣਤੀ ਵਿੱਚ ਦੇਸ਼ ਦੀ ਅਜ਼ਾਦੀ ਲਈ ਘੋਲ ਕਰ ਰਹੀਆਂ ਜੱਥੇਬੰਦੀਆਂ ਨਾਲ ਜੁੜਨਾ ਸ਼ੁਰੂ ਕਰ ਦਿੱਤਾ ਅਤੇ ਸਿੱਟੇ ਵਜੋਂ ਗਦਰ ਲਹਿਰ ਦਾ ਜਨਮ ਹੋਇਆ। ਇਸ ਲਹਿਰ ਦੇ ਕਾਰਕੁੰਨਾਂ ਨੇ ਲੋਕਾਂ ਨੂੰ ਬ੍ਰਿਟਿਸ਼ ਸਰਕਾਰ ਦੇ ਖਿਲਾਫ਼ ਇਕਜੁੱਟ ਹੋ ਕੇ ਲੜਣ ਲਈ ਚੇਤੰਨ ਕੀਤਾ। ਉਨ੍ਹਾਂ ਨੇ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਇਨਕਲਾਬੀ ਸਾਹਿਤ ਛਾਪਣਾ ਸ਼ੁਰੂ ਕੀਤਾ। ਇਸ ਕਾਰਜ ਲਈ ਅਖ਼ਬਾਰ ਵੀ ਕੱਢੇ। ਇੱਥੋਂ ਹੀ ਪਰਵਾਸੀ ਪੰਜਾਬੀ ਕਵਿਤਾ ਦਾ ਅਰੰਭ ਹੁੰਦਾ ਹੈ।

ਹਰ ਦੌਰ ਦੀਆਂ ਸਮਾਜਿਕ, ਆਰਥਿਕ ਅਤੇ ਸਮਾਜਿਕ ਪ੍ਰਸਥਿਤੀਆਂ ਵਿੱਚ ਸਮੇਂ ਸਮੇਂ ਤੇ ਬਦਲਾਵ ਆਉਂਦਾ ਰਿਹਾ ਹੈ। ਇਨ੍ਹਾਂ ਬਦਲਦੀਆਂ ਹੋਈਆਂ ਪ੍ਰਸਥਿਤੀਆਂ ਕਰਕੇ ਹੀ ਪਰਵਾਸੀ ਪੰਜਾਬੀ ਕਵਿਤਾ ਦੇ ਮਸਲੇ ਵੀ ਬਦਲਦੇ ਰਹੇ ਹਨ। ਅਜੋਕੀ ਕੈਨੇਡੀਅਨ ਪੰਜਾਬੀ ਕਵਿਤਾ ਦੀ ਸ਼ੁਰੂਆਤ 1960 ਤੋਂ ਬਾਅਦ

ਹੁੰਦੀ ਹੈ। ਪਹਿਲਾਂ ਜਿੱਥੇ ਪਰਵਾਸੀ ਪੰਜਾਬੀ ਕਵਿਤਾ ਦੀ ਮੂਲ ਸੁਰ ਇਨਕਲਾਬੀ ਰਹੀ ਹੈ, ਉੱਥੇ ਹੀ ਅਜ਼ਾਦੀ ਤੋਂ ਬਾਅਦ ਇਸਦੇ ਸਰੋਕਾਰ ਸੱਭਿਆਚਾਰਕ ਅਲਗਾਓ, ਪੀੜ੍ਹੀ- ਪਾੜਾ, ਨਸਲੀ ਵਿਤਕਰਾ, ਸੱਭਿਆਚਾਰਕ ਪਛਾਣ ਦਾ ਸੰਕਟ, ਭੂ-ਹੇਰਵਾ ਆਦਿ ਰਹੇ ਹਨ। ਆਰਥਿਕ ਤੌਰ ਤੇ ਸੰਪੰਨ ਹੋ ਚੁੱਕੇ ਪੰਜਾਬੀਆਂ ਲਈ ਪਰਵਾਸੀ ਜੀਵਨ ਪਹਿਲਾਂ ਜਿੰਨਾ ਦੁਖਦਾਈ ਨਹੀਂ ਰਿਹਾ। ਭੂ-ਹੇਰਵੇ ਅਤੇ ਰੋਜ਼ੀ ਰੋਟੀ ਦੇ ਮਸਲਿਆਂ ਤੋਂ ਉੱਪਰ ਉੱਠ ਕੇ ਹੁਣ ਇਹ ਕਵੀ ਸਮਕਾਲੀ ਵਿਸ਼ਵੀ ਸਰੋਕਾਰਾਂ ਨੂੰ ਆਪਣੀਆਂ ਕਵਿਤਾਵਾਂ ਅੰਦਰ ਪੇਸ਼ ਕਰਕੇ ਆਪਣੀ ਵਿਸ਼ਾਲ ਅੰਤਰ ਦ੍ਰਿਸ਼ਟੀ ਦਾ ਸਬੂਤ ਦਿੰਦੇ ਹਨ। ਵਿਸ਼ਵੀਕਰਨ ਦਾ ਪਾਸਾਰ, ਦਹਿਸ਼ਤਗਰਦੀ ਦਾ ਆਲਮ, ਪੂੰਜੀਵਾਦੀ ਵਿਵਸਥਾ ਦਾ ਵਿਰੋਧ, ਨਾਰੀਵਾਦ, ਵਾਤਾਵਰਣ ਪ੍ਰਦੂਸ਼ਣ ਅਤੇ ਮਨੁੱਖੀ ਅਸਤਿੱਤਵ ਦੀ ਪਹਿਚਾਣ ਵਰਗੇ ਗੰਭੀਰ ਸੰਕਟਾਂ ਨੂੰ ਪਰਵਾਸੀ ਪੰਜਾਬੀ ਕਵਿਤਾ ਅੰਦਰ ਬਾਖ਼ੂਬੀ ਵਿਚਾਰਿਆ ਜਾ ਰਿਹਾ ਹੈ। ਇਸ ਅਧਿਆਇ ਵਿੱਚ ਕੈਨੇਡਾ ਦੀ ਪੰਜਾਬੀ ਕਵਿਤਾ ਅੰਦਰ ਪਿਆਰਾ ਸਿੰਘ ਕੁੱਦੋਵਾਲ ਦੇ ਸਮਾਨੰਤਰ ਕਾਵਿ ਸਿਰਜਣਾ ਕਰ ਰਹੇ ਪ੍ਰਮੁੱਖ ਕਵੀਆਂ ਨਵਤੇਜ ਭਾਰਤੀ, ਗਿੱਲ ਮੋਰਾਂਵਾਲੀ, ਸੁਖਿੰਦਰ, ਅਜਮੇਰ ਰੋਡੇ, ਚਰਨ ਸਿੰਘ ਅਤੇ ਇਕਬਾਲ ਖਾਨ ਦੀ ਸ਼ਾਇਰੀ ਦਾ ਅਧਿਐਨ ਕਰਦਿਆਂ ਇਹਨਾਂ ਕਵੀਆਂ ਦੇ ਪ੍ਰਸੰਗ ਵਿੱਚ ਪਿਆਰਾ ਸਿੰਘ ਕੁੱਦੋਵਾਲ ਰਚਿਤ ਕਵਿਤਾ ਦੀ ਵਿਲੱਖਣਤਾ/ ਸਮਰੂਪਤਾ ਨੂੰ ਉਭਾਰਣ ਦਾ ਯਤਨ ਕੀਤਾ ਗਿਆ ਹੈ।

**ਨਵਤੇਜ ਭਾਰਤੀ**

ਨਵਤੇਜ ਭਾਰਤੀ ਕੈਨੇਡੀਅਨ ਪੰਜਾਬੀ ਕਵਿਤਾ ਦਾ ਇਕ ਚਰਚਿਤ ਸ਼ਾਇਰ ਹੈ। 'ਸਿੰਬਲ ਦੇ ਫੁੱਲ', 'ਲੀਲ੍ਹਾ', 'ਲਾਲੀ' ਅਤੇ 'ਉਥੋਂ ਤੀਕ' ਉਸਦੇ ਪ੍ਰਮੁੱਖ ਕਾਵਿ-ਸੰਗ੍ਰਿਹ ਹਨ। ਉਸਦੀ ਇਹ ਖਾਸੀਅਤ ਹੈ ਕਿ ਉਹ ਕੈਨੇਡਾ ਦੀ ਧਰਤੀ ਨੂੰ ਓਪਰਲੀ ਨਹੀਂ ਸਮਝਦਾ ਜਿਸ ਕਰਕੇ ਉਸਦੀਆਂ ਕਵਿਤਾਵਾਂ ਵਿੱਚੋਂ ਪਰਵਾਸੀ ਅਨੁਭਵ ਗੈਰ ਹਾਜ਼ਰ ਰਹਿੰਦਾ ਹੈ। ਉਹ ਬ੍ਰਹਿਮੰਡੀ ਚੇਤਨਾ ਦਾ ਕਵੀ ਹੈ ਅਤੇ ਹੱਦਾਂ ਸਰਹੱਦਾਂ ਤੋਂ ਪਾਰ ਵਿਚਰਦਾ ਹੋਇਆ ਸਮੁੱਚੀ ਲੋਕਾਈ ਦੇ ਦੁੱਖਾਂ ਦਰਦਾਂ ਨੂੰ ਆਪਣੀਆਂ ਕਵਿਤਾਵਾਂ ਅੰਦਰ ਪੇਸ਼ ਕਰਦਾ ਹੈ। ਨਵਤੇਜ ਦੀ ਕਵਿਤਾ ਆਪਣੇ ਆਲੇ ਦੁਆਲੇ ਵਾਪਰਣ ਵਾਲੀ ਹਰ ਅਮਾਨਵੀ ਘਟਨਾ ਉੱਪਰ ਆਪਣਾ ਪ੍ਰਤੀਕਰਮ ਦਿੰਦੀ ਹੈ ਖਾਸ ਤੌਰ ਤੇ ਉਸਨੇ ਆਪਣੀਆਂ ਕਵਿਤਾਵਾਂ ਅੰਦਰ ਨਾਰੀ ਜੀਵਨ ਦੇ ਵੱਖੱ-ਵੱਖਰੇ ਪਾਸਾਰਾਂ ਨੂੰ ਬੜੀ ਸੂਖ਼ਮਤਾ ਨਾਲ ਪੇਸ਼ ਕੀਤਾ ਹੈ। ਉਸਦੀ ਕਾਵਿ ਚੇਤਨਾ ਭਾਰਤੀ ਸੰਸਕ੍ਰਿਤੀ ਦੀ ਜਕੜਬੰਦੀ ਤੋਂ ਵਿੱਥ ਥਾਪਦੀ ਹੈ। ਉਸਨੂੰ ਅਹਿਸਾਸ ਹੈ ਕਿ ਸਾਡੀ ਸੰਸਕ੍ਰਿਤੀ ਦੀਆਂ ਰੂੜੀਵਾਦੀ ਵਲਗਣਾਂ ਨੇ ਔਰਤ ਨੂੰ

ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਕਵੀ ਇਨ੍ਹਾਂ ਖੋਖਲੀਆਂ ਤੇ ਸਮਾਂ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਵਿੱਚ ਜ਼ਿਹਨੀ ਤੌਰ ਤੇ ਜਕੜੀ ਹੋਈ ਔਰਤ ਲਈ ਮੁਕਤੀ ਦਾ ਸੰਕਲਪ ਸਿਰਜਦਾ ਹੈ। ਨਵਤੇਜ ਆਪਣੀ ਸ਼ਾਇਰੀ ਵਿੱਚ ਔਰਤ ਦੁਆਰਾ ਹੰਢਾਏ ਜਾ ਰਹੇ ਸੰਤਾਪ ਨੂੰ ਪੇਸ਼ ਕਰਦਾ ਹੋਇਆ ਨਾਰੀ ਮੁਕਤੀ ਲਈ ਕਈ ਮਿੱਥਾਂ ਨੂੰ ਵੀ ਪੁਨਰ-ਪਰਭਾਸ਼ਿਤ ਕਰਦਾ ਹੈ। ਪਰੰਪਰਾ ਦੀਆਂ ਬੇੜੀਆਂ ਮਨੁੱਖ ਨੂੰ ਅੱਗੇ ਨਹੀਂ ਵਧਣ ਦਿੰਦੀਆਂ। ਸ਼ਾਇਦ ਇਹੀ ਕਾਰਨ ਹੈ ਕਿ ਨਵਤੇਜ ਧਰਮ ਅਤੇ ਸੰਸਕ੍ਰਿਤੀ ਪਿੱਛੇ ਅੱਖਾਂ ਬੰਦ ਕਰਕੇ ਚੱਲਣ ਨੂੰ ਤਰਜੀਹ ਨਹੀਂ ਦਿੰਦਾ। ਕਵੀ ਆਪਣੀ ਸ਼ਾਇਰੀ ਦੇ ਮਾਧਿਅਮ ਰਾਹੀਂ ਮਨੁੱਖ ਨੂੰ ਇਨ੍ਹਾਂ ਬੰਧਨਾਂ ਤੋਂ ਆਜ਼ਾਦ ਹੋਣ ਲਈ ਆਖਦਾ ਹੈ। ਕਵੀ ਆਪਣੇ ਆਲ਼ੇ-ਦੁਆਲ਼ੇ ਵਾਪਰਨ ਵਾਲੀ ਹਰ ਘਟਨਾ ਨੂੰ ਬੜੀ ਸੂਖ਼ਮਤਾ ਨਾਲ ਪੇਸ਼ ਕਰਦਾ ਹੈ:

ਇੱਕ ਸੁੱਕਾ ਪੱਤਾ ਹੀ
ਮੈਨੂੰ ਉਦਾਸ ਕਰ
ਦਿੰਦਾ ਹੈ
ਇੱਕ ਹਰੀ ਟਾਹਣੀ ਹੀ
ਮੈਨੂੰ ਆਨੰਦ ਵਿੱਚ
ਘਚੋਲ ਦਿੰਦੀ ਹੈ
ਸੁੱਕੇ ਪੱਤੇ ਤੇ
ਹਰੀ ਟਾਹਣੀ ਦਾ
ਦੁੱਖ ਸੁੱਖ ਦੋਵੇਂ
ਮੇਰੇ ਵਿਸਮਾਦ ਦਾ
ਹਿੱਸਾ ਹਨ

ਜਿਸ ਪ੍ਰਕਾਰ ਪੱਤਾ ਅਤੇ ਟਾਹਣੀ ਇਕ ਰੁੱਖ ਦਾ ਹਿੱਸਾ ਹਨ ਉਸੇ ਪ੍ਰਕਾਰ ਜ਼ਿੰਦਗੀ ਵੀ ਇਕ ਰੁੱਖ ਵਾਂਗ ਹੈ। ਜ਼ਿੰਦਗੀ ਵਿਚਲੀ ਕਸ਼ਮਕਸ਼ ਦੁੱਖ ਅਤੇ ਸੁੱਖ ਦੁਆਲੇ ਘੁੰਮਦੀ ਰਹਿੰਦੀ ਹੈ। ਕਵੀ ਦੇ ਕਹਿਣ ਤੋਂ ਭਾਵ ਹੈ ਕਿ ਉਸਦੀ ਜਿਹੜੀ ਵਿਸਮਾਦ ਵਾਲੀ ਅਵਸਥਾ ਹੈ ਉਸ ਅਵਸਥਾ ਦੇ ਕੇਂਦਰ ਵਿੱਚ ਜ਼ਿੰਦਗੀ ਵਿਚਲੇ ਦੁੱਖ

ਅਤੇ ਸੁੱਖ ਦੋਵੇਂ ਹਨ। ਨਵਤੇਜ ਦੀ ਕਵਿਤਾ ਲੋਕਾਂ ਦਾ ਦਰਦ ਬਿਆਨ ਕਰਦੀ ਹੈ। ਉਹ ਕੁਦਰਤ ਵਿੱਚੋਂ ਬਿੰਬ ਲੈ ਕੇ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦੇ ਅਨੁਸਾਰ ਢਾਲ ਕੇ ਪੇਸ਼ ਕਰਦਾ ਹੈ।

ਨਵਤੇਜ ਭਾਰਤੀ ਆਪਣੀਆਂ ਕਵਿਤਾਵਾਂ ਵਿੱਚ ਮਾਨਵੀ ਸਰੋਕਾਰਾਂ ਦੀ ਪੇਸ਼ਕਾਰੀ ਬੜੇ ਮਾਰਮਿਕ ਅੰਦਾਜ਼ ਵਿੱਚ ਕਰਦਾ ਹੈ। ਉਹ ਸਮਕਾਲੀ ਸੰਕਟਾਂ ਦੀ ਪੇਸ਼ਕਾਰੀ ਅੰਤਰ-ਰਾਸ਼ਟਰੀ ਪਰਿਪੇਖ ਵਿੱਚ ਕਰਦਾ ਹੈ। ਉਹ ਖ਼ੂਬਸੂਰਤ ਬਿੰਬਾਂ, ਪ੍ਰਤੀਕਾਂ ਅਤੇ ਸਰਲ ਸਾਦੀ ਭਾਸ਼ਾ ਰਾਹੀਂ ਕਵਿਤਾ ਦਾ ਸੰਚਾਰ ਕਰਦਾ ਹੈ।

**ਗਿੱਲ ਮੋਰਾਂਵਾਲੀ**

ਗਿੱਲ ਮੋਰਾਂਵਾਲੀ ਪਰਵਾਸੀ ਪੰਜਾਬੀ ਕਵਿਤਾ ਵਿੱਚ ਆਪਣਾ ਨਾਂ ਬਣਾਉਣ ਵਾਲਾ ਇਕ ਮਹੱਤਵਪੂਰਣ ਕਵੀ ਹੈ। ਗਿੱਲ ਆਸ਼ਾਵਾਦੀ ਤੇ ਦ੍ਰਿੜ ਨਿਸ਼ਚੇ ਵਾਲਾ ਕਵੀ ਹੈ। ਉਹ ਪਿਛਲੇ ਪੰਜ ਛੇ ਦਹਾਕਿਆਂ ਤੋਂ ਕੈਨੇਡਾ ਵਿੱਚ ਰਹਿੰਦਾ ਹੋਇਆ ਪੰਜਾਬੀ ਸਾਹਿਤ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਨਿਰੰਤਰ ਕਾਵਿ-ਸਿਰਜਣਾ ਕਰ ਰਿਹਾ ਹੈ। ਗਿੱਲ ਮੋਰਾਂਵਾਲੀ ਦਾ ਪੂਰਾ ਨਾਂ ਮਹਿੰਦਰ ਸਿੰਘ ਗਿੱਲ ਹੈ। ਉਸਨੇ ਹੁਣ ਤੱਕ ਲੱਗਭਗ ਦੋ ਦਰਜਨ ਦੇ ਕਰੀਬ ਕਾਵਿ-ਪੁਸਤਕਾਂ ਦੀ ਸਿਰਜਣਾ ਕਰਕੇ ਪੰਜਾਬੀ ਮਾਂ ਬੋਲੀ ਨਾਲ ਆਪਣੀ ਪ੍ਰਤੀਬੱਧਤਾ ਦਾ ਪ੍ਰਮਾਣ ਦਿੱਤਾ ਹੈ। ਉਸਦੀਆਂ ਪ੍ਰਮੁੱਖ ਕਾਵਿ-ਪੁਸਤਕਾਂ ਦੀ ਜੇਕਰ ਗੱਲ ਕਰੀਏ ਤਾਂ ਉਸ ਵਿੱਚ 'ਹੰਝੂ ਹਉਕੇ', 'ਮੈਖ਼ਾਨਾ', 'ਗੀਤਮਣੀ', 'ਬੰਜਰ ਧਰਤੀ', 'ਮੌਸਮ ਦਾ ਸੰਤਾਪ', 'ਸ਼ਰਾਰੇ' ਆਦਿ ਕਾਵਿ-ਸੰਗ੍ਰਹਿ ਵਿਸ਼ੇਸ਼ ਤੌਰ ਤੇ ਗ਼ੌਲਣਯੋਗ ਹਨ। ਵਿਸ਼ਵੀਕਰਨ ਅਤੇ ਮੰਡੀ ਦੇ ਇਸ ਦੌਰ ਵਿੱਚ ਮਨੁੱਖ ਕਾਰਪੋਰੇਟ ਘਰਾਣਿਆਂ ਦੀ ਚੁੰਗਲ ਵਿੱਚ ਬੁਰੀ ਤਰ੍ਹਾਂ ਧੱਸਦਾ ਜਾ ਰਿਹਾ ਹੈ। ਪੈਸਾ ਅਤੇ ਮੁਨਾਫ਼ਾ ਹੀ ਉਸਦੀ ਮੁੱਢਲੀ ਲੋੜ ਬਣਦਾ ਜਾ ਰਿਹਾ ਹੈ ਜਿਸਦੇ ਇਵਜ਼ ਵਜੋਂ ਉਹ ਜ਼ਿੰਦਗੀ ਦੀਆਂ ਉਸਾਰੂ ਅਤੇ ਸੁਚਾਰੂ ਕਦਰਾਂ ਕੀਮਤਾਂ ਨੂੰ ਲਾਂਬੇ ਕਰਦਾ ਹੋਇਆ ਲਾਲਚੀ ਪ੍ਰਵਿਰਤੀ ਅਖ਼ਤਿਆਰ ਕਰਨ ਵਿੱਚ ਗਲਤਾਨ ਹੋ ਗਿਆ ਹੈ। ਕਵੀ ਆਪਣੀਆਂ ਕਵਿਤਾਂਵਾ ਵਿੱਚ ਮਨੁੱਖ ਦੀ ਇਸ ਲਾਲਚੀ ਪ੍ਰਵਿਰਤੀ ਤੇ ਵਿਅੰਗਾਤਮਕ ਢੰਗ ਨਾਲ ਕਾਵਿਕ ਪ੍ਰਹਾਰ ਕਰਦਾ ਹੈ। ਗਿੱਲ ਦੀ ਸ਼ਾਇਰੀ ਵਿਸ਼ਵੀਕਰਨ ਅਤੇ ਮੰਡੀ ਦੇ ਇਸ ਤਲਿਸਮੀ ਮਾਹੌਲ ਅੰਦਰ ਗੁਆਚਦੇ ਜਾ ਰਹੇ ਮਨੁੱਖ ਲਈ ਚਿੰਤਾ ਵਿਅਕਤ ਕਰਦੀ ਹੈ। ਪਦਾਰਥਵਾਦੀ ਦੌਰ ਵਿੱਚ ਪੂੰਜੀ ਦੀ ਪ੍ਰਧਾਨਤਾ ਨੇ ਮਨੁੱਖ ਨੂੰ ਇਸ ਕਦਰ ਭ੍ਰਮਿਤ ਕਰ ਦਿੱਤਾ ਹੈ ਕਿ ਉਹ ਮਾਨਵੀ ਕੀਮਤਾਂ ਅਤੇ ਨਿੱਜੀ ਰਿਸ਼ਤਿਆਂ ਨੂੰ ਪੈਸੇ ਲਈ ਕੁਰਬਾਨ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ

ਪੈਸਾ ਹੈ ਤਾਂ ਮੌਜ ਹੈ,

ਮੌਜ ਬਿਨਾਂ ਕੀ ਜੀਣ।

ਪਿਆਰ ਮੁਹੱਬਤ ਨਾ ਰਹੇ,

ਪੈਸਾ ਹੀ ਪ੍ਰਬੀਣ।[2]

ਗਿੱਲ ਦੀ ਸ਼ਾਇਰੀ ਆਰਥਿਕ ਮੰਦਹਾਲੀ, ਬੇਇਨਸਾਫ਼ੀ, ਫ਼ਿਰਕੂ ਜਜ਼ਬਾਤਾਂ ਨੂੰ ਭੜਕਾਉਣ ਵਾਲੀਆਂ ਤਾਕਤਾਂ ਨੂੰ ਬੇਨਕਾਬ ਕਰਦੀ ਹੈ। ਉਹ ਆਪਣੇ ਸਿਆਸੀ ਏਜੰਡਿਆਂ ਨੂੰ ਪੂਰਾ ਕਰਨ ਲਈ ਲੀਡਰਾਂ ਵੱਲੋਂ ਆਮ ਜਨਤਾ ਨਾਲ ਕੀਤੇ ਜਾਂਦੇ ਝੂਠੇ ਵਾਦਿਆਂ ਦੀ ਗੱਲ ਕਰਦਾ ਹੋਇਆ ਉਨ੍ਹਾਂ ਉੱਪਰ ਤਿੱਖੇ ਵਿਅੰਗ ਕਰਦਾ ਹੈ। ਉਸਦੀ ਕਵਿਤਾ ਦੋਗਲੀ ਰਾਜਨੀਤੀ ਕਰਨ ਵਾਲੇ ਲੀਡਰਾਂ ਨੂੰ ਭੰਡਦੀ ਹੈ

ਆਪੇ ਜੀਭਾਂ ਕੱਟ ਕੇ

ਆਪੇ ਪੁੱਛਣ ਹਾਲ

ਹਮਦਰਦੀ ਹਾਕਮ ਕਰੇ

ਆਪਣੀ ਪਰਜਾ ਨਾਲ[3]

ਕਵੀ ਆਪਣੀਆਂ ਕਵਿਤਾਵਾਂ ਰਾਹੀਂ ਸਮਾਜ ਦੀ ਦਿਨੋਂ-ਦਿਨ ਨਿੱਘਰਦੀ ਦਾ ਰਹੀ ਹਾਲਤ ਪ੍ਰਤੀ ਡੂੰਘੀ ਚਿੰਤਾ ਵਿਅਕਤ ਕਰਦਾ ਹੈ। ਗਿੱਲ ਨੈਤਿਕ ਕਦਰਾਂ ਕੀਮਤਾਂ ਨੂੰ ਪ੍ਰਣਾਇਆ ਹੋਇਆ ਕਵੀ ਹੈ। ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਉਹ ਲੋਕਾਂ ਨੂੰ ਨੈਤਿਕ ਕਰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਉਸਦੀ ਕਵਿਤਾ ਲੋਕਾਂ ਨੂੰ ਅਨੈਤਿਕਤਾ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਣ ਲਈ ਲਾਮਬੱਧ ਕਰਦੀ ਹੈ।

ਸਮੁੱਚੇ ਰੂਪ ਵਿੱਚ ਕਹਿ ਸਕਦੇ ਹਾਂ ਕਿ ਗਿੱਲ ਮੋਰਾਂਵਾਲੀ ਨੇ ਆਪਣੇ ਕਾਵਿ ਕਰਮ ਨਾਲ ਪੰਜਾਬੀ ਸਾਹਿਤ ਵਿੱਚ ਗਿਣਾਤਮਕ ਅਤੇ ਗੁਮਾਤਮਕ ਤੌਰ ਤੇ ਭਰਪੂਰ ਵਾਧਾ ਕੀਤਾ ਹੈ।

**ਸੁਖਿੰਦਰ**

ਪਰਵਾਸੀ ਪੰਜਾਬੀ ਸ਼ਾਇਰਾਂ ਦੀ ਕਤਾਰ ਵਿੱਚ ਸੁਖਿੰਦਰ ਇਕ ਸਥਾਪਿਤ ਨਾਂ ਹੈ। ਉਸਨੇ ਸਾਹਿਤ ਦੀ ਹਰ ਵਿਧਾ ਉੱਪਰ ਆਪਣੀ ਕਲਮ ਚਲਾਈ ਹੈ। 'ਸ਼ਹਿਰ ਧੁੰਦ ਤੇ ਰੌਸ਼ਨੀਆਂ', 'ਲੱਕੜ ਦੀਆਂ ਮੱਛੀਆਂ', 'ਬਘਿਆੜਾਂ ਦੇ ਵੱਸ', 'ਬੁੱਢੇ ਘੋੜਿਆਂ ਦੀ ਆਤਮ ਕਥਾ', 'ਸਕਿਜ਼ੋਫਿਰੇਨੀਆ', 'ਇਹ ਖਤ ਕਿਸ ਨੂੰ ਲਿਖਾਂ'

'ਪ੍ਰਦੂਸ਼ਤ ਹਵਾ' ਅਤੇ 'ਬਾਂਦਰ ਨਾਲ ਬਹਿਸ ਕੌਣ ਕਰੇ' ਉਸਦੇ ਕੁਝ ਮਹੱਤਵਪੂਰਨ ਕਾਵਿ-ਸੰਗ੍ਰਿਹ ਹਨ। ਇਕ ਲੇਖਕ ਆਪਣੇ ਜੀਵਨ ਦੀਆਂ ਘਟਨਾਵਾਂ, ਸਮੇਂ ਸਥਾਨ ਦੀਆਂ ਸਮਾਜਕ, ਆਰਥਿਕ ਤੇ ਰਾਜਨੀਤਿਕ ਪ੍ਰਸਥਿਤੀਆਂ ਵਿੱਚੋਂ ਅਨੁਭਵ ਗ੍ਰਹਿਣ ਕਰਕੇ ਸਾਹਿਤ ਸਿਰਜਦਾ ਹੈ। ਸੁਖਿੰਦਰ ਰਾਜਸੀ ਕਵੀ ਹੈ। ਉਸਦੀ ਸ਼ਾਇਰੀ ਰਾਜਨੀਤਿਕ ਹਲਚਲ ਨੂੰ ਭਾਂਪਦੀ ਹੋਈ ਇਸ ਵਿੱਚੋਂ ਪੈਦਾ ਹੋਣ ਵਾਲੇ ਘਾਤਕੀ ਪਰਿਣਾਮਾਂ ਤੋਂ ਲੋਕਾਂ ਨੂੰ ਜਾਗਰੂਕ ਕਰਦੀ ਹੈ। ਉਸਦੀ ਕਵਿਤਾ ਰਾਜਸੀ ਸਾਜਿਸ਼ਾਂ ਨੂੰ ਸਮਝਦੀ ਹੋਈ ਦੋਗਲੀ ਰਾਜਨੀਤੀ ਕਰਨ ਵਾਲੇ ਲੀਡਰਾਂ ਦੇ ਬਖੀਏ ਉਧੇੜਦੀ ਹੈ। ਕਵੀ ਦੀ ਬਹੁਤੀ ਸ਼ਾਇਰੀ ਭਾਰਤ ਦੀਆਂ ਆਰਥਿਕ, ਰਾਜਨੀਤਿਕ ਤੇ ਧਾਰਮਿਕ ਪ੍ਰਸਥਿਤੀਆਂ ਨਾਲ ਸੰਵਾਦ ਰਚਾਉਂਦੀ ਹੈ। ਭਾਰਤ ਦੀ ਅਜੋਕੀ ਸਿਆਸਤ ਜਨ ਕਲਿਆਣ ਦੇ ਮੁੱਦਿਆਂ ਤੋਂ ਕੰਨੀ ਕਤਰਾਉਂਦੀ ਹੈ। ਅਖੌਤੀ ਲੀਡਰ ਆਪਣੇ ਨਿੱਜੀ ਮੁਫ਼ਾਦਾਂ ਦੀ ਪੂਰਤੀ ਹਿੱਤ ਧਰਮ ਦੀ ਆੜ ਵਿੱਚ ਲੋਕਾਂ ਨੂੰ ਆਪਸ ਵਿੱਚ ਲੜਾਉਣ ਦਾ ਕੰਮ ਬਾਖ਼ੂਬੀ ਚਤੁਰਾਈ ਨਾਲ ਕਰ ਰਹੇ ਹਨ ਜਿਸਦਾ ਖਮਿਆਜ਼ਾ ਮਾਸੂਮ ਤੇ ਬੇਕਸੂਰ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਸੁਖਿੰਦਰ ਦੀ ਕਵਿਤਾ ਵਿਸ਼ਵੀਕਰਨ ਦੇ ਮਾਰੂ ਪ੍ਰਭਾਵਾਂ ਦੀ ਗੱਲ ਕਰਦੀ ਹੈ। ਉਹ ਭਾਰਤ/ਪੰਜਾਬ ਵਿੱਚ ਵਿਕਾਸ ਦੇ ਨਾਂ ਤੇ ਹੋ ਰਹੇ ਵਿਨਾਸ਼ ਪ੍ਰਤੀ ਚਿੰਤਾ ਜ਼ਾਹਿਰ ਕਰਦਾ ਹੋਇਆ ਤਿੱਖੀ ਕਾਵਿ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਸੁਖਿੰਦਰ ਦੀ ਕਵਿਤਾ ਰਾਜਸੀ, ਧਾਰਮਿਕ ਤੇ ਕਾਰਪੋਰੇਟੀ ਸ਼ਕਤੀਆਂ ਨਾਲ ਸੰਵਾਦ ਰਚਾਉਂਦੀ ਹੋਈ ਉਨ੍ਹਾਂ ਵੱਲੋਂ ਅਪਣਾਈਆਂ ਜਾਂਦੀਆਂ ਲੋਕ ਮਾਰੂ ਨੀਤੀਆਂ ਦੀ ਨਿਖੇਧੀ ਕਰਦੀ ਹੈ। ਕਵੀ ਭਾਰਤੀ/ਪੰਜਾਬੀ ਸਮਾਜ ਦੀ ਸਮਕਾਲੀਨ ਸੰਰਚਨਾ ਦੀ ਤਹਿ ਹੇਠ ਕਾਰਜਸ਼ੀਲ ਅਮਾਨਵੀ ਹਕੀਕਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸੁਖਿੰਦਰ ਦੀ ਇਹ ਖਾਸੀਅਤ ਹੈ ਕਿ ਉਹ ਭਾਰਤੀ/ਪੰਜਾਬੀ ਸਮਾਜ ਦਾ ਨੀਝ ਨਾਲ ਗਹਿਨ ਅਧਿਐਨ ਕਰਦਾ ਹੈ। ਕਵੀ ਦਿਨ-ਬ-ਦਿਨ ਨਿੱਘਰਦੇ ਜਾ ਰਹੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਦ੍ਰਿਸ਼ ਤੇ ਟੀਕਾ-ਟਿੱਪਣੀ ਕਰਦਾ ਹੋਇਆ ਕਈ ਮਹੱਤਵਪੂਰਨ ਸਵਾਲ ਖੜ੍ਹੇ ਕਰਦਾ ਹੈ। ਉਹ ਸਮਕਾਲੀ ਦ੍ਰਿਸ਼ ਨੂੰ ਇਸ ਢੰਗ ਨਾਲ ਚਿਤਰ ਜਾਂਦਾ ਹੈ ਕਿ ਇਸ ਵਿੱਚੋਂ ਸਾਡੇ ਪੂਰੇ ਸਮਾਜਿਕ ਜੀਵਨ ਦੀ ਤਸਵੀਰ ਸਾਕਾਰ ਹੋ ਜਾਂਦੀ ਹੈ:

> ਰਾਜਨੀਤੀ, ਕਾਨੂੰਨ, ਧਰਮ, ਸੱਭਿਆਚਾਰ, ਸੰਗੀਤ
>
> ਮਹਿਜ਼, ਗੈਂਗਸਟਰਾਂ ਦੀਆਂ ਖੇਡਾਂ
>
> ਬਣ ਕੇ ਰਹਿ ਗਏ ਹਨ-

ਗੀਤਾਂ ਵਿੱਚ ਬੰਦੂਕਾਂ ਚੱਲਦੀਆਂ ਹਨ

ਧਰਮੀ ਗੁਰੂ ਸ਼ਰਧਾਲੂ ਔਰਤਾਂ ਦੇ ਬਲਾਤਕਾਰ ਕਰ ਰਹੇ ਹਨ

ਰਾਜਨੀਤੀਵਾਨ ਡਰੱਗ ਸਮਗਲਿੰਗ ਦਾ ਧੰਦਾ ਕਰਦੇ ਹਨ

ਕਾਨੂੰਨ ਦੇ ਰਾਖੇ ਕਾਤਲਾਂ ਨੂੰ ਰਾਜ ਸਿੰਘਾਸਣ ਉੱਤੇ ਬਿਠਾ ਰਹੇ ਹਨ

ਮੀਡੀਆ ਭਰਿਸ਼ਟ ਲੋਕਾਂ ਦੀ ਮਹਿਮਾ ਵਿੱਚ ਬਚਨ-ਬਿਲਾਸ ਕਰ ਰਿਹਾ ਹੈ[4]

ਸੁਖਿੰਦਰ ਦੀ ਕਲਮ ਔਰਤਾਂ ਅਤੇ ਬੱਚੀਆਂ ਨਾਲ ਹੁੰਦੇ ਦੁਸ਼ਕਰਮ ਉੱਪਰ ਵੀ ਬੜੀ ਬੇਬਾਕੀ ਨਾਲ ਲਿਖਦੀ ਹੈ। ਕਵੀ ਅਜਿਹੇ ਕੁਕਰਮ ਕਰਨ ਵਾਲੇ ਅਮਾਨਵੀ ਲੋਕਾਂ ਨੂੰ ਕਟਹਰੇ ਅੰਦਰ ਖੜ੍ਹਾ ਕਰਦਾ ਹੋਇਆ ਉਨ੍ਹਾਂ ਦੀ ਵਿਕਰਤ ਮਾਨਸਿਕ ਦਸ਼ਾ ਨੂੰ ਪ੍ਰਸ਼ਨਚਿੰਨਤ ਕਰਦਾ ਹੈ। ਕਵੀ ਪੰਜਾਬ ਦੀ ਅਜੋਕੀ ਸਥਿਤੀ ਦੀ ਗੱਲ ਕਰਦਾ ਹੋਇਆ ਨਸ਼ਿਆਂ ਅੰਦਰ ਡੂੰਘੀ ਤਰ੍ਹਾਂ ਧੱਸਦੀ ਜਾ ਰਹੀ ਨੌਜਵਾਨ ਪੀੜ੍ਹੀ ਦੀ ਤਰਸਯੋਗ ਹਾਲਤ ਪ੍ਰਤੀ ਵੀ ਫਿਕਰਮੰਦ ਹੈ। ਉਹ ਰਾਜਸੀ ਲੋਕਾਂ ਦੀ ਆੜ ਵਿੱਚ ਚੱਲ ਰਹੇ ਨਸ਼ਿਆਂ ਦੇ ਕਾਰੋਬਾਰੀਆਂ ਉਪਰ ਟਿੱਪਣੀ ਕਰਦਾ ਹੋਇਆ ਵਿਅੰਗ ਸਿਰਜਦਾ ਹੈ। ਸਮੁੱਚੇ ਰੂਪ ਵਿੱਚ ਜੇਕਰ ਸੁਖਿੰਦਰ ਦੀ ਕਾਵਿ-ਦ੍ਰਿਸ਼ਟੀ ਬਾਰੇ ਵਿਚਾਰਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹ ਭਾਰਤ ਦੇ ਰਾਜਸੀ, ਨਿਆਂਇਕ ਤੇ ਸੰਵਿਧਾਨਕ ਵਿਸ਼ਿਆਂ ਉਪਰ ਲਿਖਦਾ ਹੈ। ਉਸਦੀ ਕਲਮ ਸਮਾਜਿਕ ਕ੍ਰਾਂਤੀ ਦੀ ਗੱਲ ਕਰਦੀ ਹੈ।

**ਅਜਮੇਰ ਰੋਡੇ**

ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿੱਚ ਰਹਿ ਰਿਹਾ ਅਜਮੇਰ ਰੋਡੇ ਪੰਜਾਬੀ ਸਾਹਿਤ ਦਾ ਸਥਾਪਿਤ ਲੇਖਕ ਹੈ। ਉਸਦੀਆਂ ਹੁਣ ਤੱਕ ਕਵਿਤਾ, ਨਾਟਕ, ਵਾਰਤਕ ਅਤੇ ਅਨੁਵਾਦ ਦੀਆਂ ਗਿਆਰਾਂ ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। 'ਸੁਰਤੀ', 'ਸ਼ੁਭਚਿੰਤਨ' ਅਤੇ 'ਲੀਲ੍ਹਾ' ਉਸਦੇ ਕੁਝ ਮਹੱਤਵਪੂਰਨ ਕਾਵਿ-ਸੰਗ੍ਰਹਿ ਹਨ। ਰੋਡੇ ਕਵਿਤਾ ਨੂੰ ਸੁਹਜ ਅਤੇ ਵਿਗਿਆਨਕ ਸੁਰ ਦੇਣ ਵਾਲਾ ਕਵੀ ਹੈ। ਉਹ ਮਿੱਥਾਂ ਨੂੰ ਪੁਨਰ ਪਰਭਾਸ਼ਿਤ ਕਰਦਾ ਹੈ। ਕਵੀ ਮਨੁੱਖ ਦੀ ਚੇਤਨਾ ਨੂੰ ਸਮੇਂ ਦੀ ਲੋੜ ਅਨੁਸਾਰ ਬਦਲਣ ਦਾ ਚਾਹਵਾਨ ਹੈ। ਉਹ ਇਤਿਹਾਸ ਨੂੰ ਵਰਤਮਾਨ ਦੇ ਸੰਦਰਭ ਵਿੱਚ ਪ੍ਰੀਭਾਸ਼ਤ ਕਰਦਾ ਹੈ। ਕਵੀ ਮਨੁੱਖ ਦੇ ਮਾਨਸਿਕ ਦੁੱਖਾਂ ਦੀ ਪੇਸ਼ਕਾਰੀ ਕਰਦਾ ਹੈ। ਅਜਮੇਰ ਇਕ ਸੁਹਜਵਾਦੀ ਕਵੀ ਹੈ। ਉਹ ਕਵਿਤਾ ਸਿਰਜਣ ਲਈ ਬੇਲੋੜੇ ਸ਼ਬਦਾਂ ਅਤੇ ਬਿੰਬਾਂ ਦੀ ਵਰਤੋਂ ਨਹੀਂ ਕਰਦਾ। ਉਹ ਸ਼ਬਦਾਂ ਨੂੰ ਵੱਖਰੇ ਅਤੇ ਨਵੇਂ ਅਰਥਾਂ ਵਿੱਚ ਪੇਸ਼ ਕਰਨ ਵਾਲਾ

ਸ਼ਾਇਰ ਹੈ। ਉਸਦੀ ਕਵਿਤਾ ਲੋਕਾਂ ਨੂੰ ਭਾਵੁਕਤਾ ਦੀਆਂ ਵਲਗਣਾਂ ਵਿੱਚੋਂ ਬਾਹਰ ਕੱਢ ਕੇ ਪ੍ਰਕਿਰਤੀ ਅਤੇ ਰਹੱਸ ਨਾਲ ਜੋੜਦੀ ਹੈ। ਅਜਮੇਰ ਦੀ ਸ਼ਾਇਰੀ ਮਾਨਵੀ ਅਹਿਸਾਸਾਂ ਤੇ ਗਹਿਰੇ ਅਨੁਭਵਾਂ ਨਾਲ ਲਬਰੇਜ਼ ਹੈ ਜੋ ਕਿਸੇ ਫ਼ਿਰਕੇ, ਕੌਮੀਅਤ ਤੇ ਸੰਪਰਦਾਇ ਤੋਂ ਅਗਾਂਹ ਲੰਘ ਕੇ ਮਨੁੱਖ ਤੇ ਮਨੁੱਖਤਾ ਦੀ ਅੰਤਰਪੀੜਾ ਨੂੰ ਬਿਆਨ ਕਰਦੀ ਹੈ:

ਕਿਉਂਕਿ ਤਾਰ ਤੇਰੇ ਥਰਕਣੋ ਹਟ ਗਏ,<br>
ਅਜੇ ਕਿ ਤੱਕਿਆ ਅਸਾਂ<br>
ਪਹਿਲੀ ਉਦਾਸੀ ਦਾ<br>
ਅਜੇ ਤਾਂ ਮੁੱਕਾ ਨਾ ਪਹਿਲਾ ਪੜਾ।[5]

ਸਹੀ ਮਾਅਨਿਆਂ ਵਿੱਚ ਅਜਮੇਰ ਰੋਡੇ ਕੇਨੈਡਾ ਦੀ ਪੰਜਾਬੀ ਕਵਿਤਾ ਦਾ ਉੱਚ ਕੋਟੀ ਦਾ ਸ਼ਾਇਰ ਹੈ ਜਿਸਨੂੰ ਪੰਜਾਬ ਭਾਸ਼ਾ ਵਿਭਾਗ ਨੇ 1994 ਵਿੱਚ ਸ਼ਿਰੋਮਣੀ ਬਦੇਸ਼ੀ ਸਾਹਿਤਕਾਰ ਦੇ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਹੈ।

**ਇਕਬਾਲ ਖਾਨ**

ਇਕਬਾਲ ਸਿੰਘ ਕਾਲੀਰਾਏ ਦਾ ਪਹਿਲਾ ਨਾਂ ਬਲਬੀਰ ਸਿੰਘ ਸੀ। ਉਹ ਖਾਨਖਾਨਾ ਪਿੰਡ ਜ਼ਿਲ੍ਹਾ ਨਵਾਂ ਸ਼ਹਿਰ ਦਾ ਰਹਿਣ ਵਾਲਾ ਹੈ। 1967-1970 ਵਿੱਚ ਚੱਲੀ ਨਕਸਲਬਾੜੀ ਲਹਿਰ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਿਆਂ ਪੁਲਿਸ ਅਤੇ ਇੰਟੈਰੋਗੇਸ਼ਨ ਸੈਂਟਰ ਦੇ ਤਸੀਹੇ ਝੱਲਣ ਤੋ ਬਾਅਦ ਇਕਬਾਲ ਖਾਨ ਕੈਨੇਡਾ ਵੱਲ ਪਰਵਾਸ ਕਰਦਾ ਹੈ। ਉਸਦੇ ਕਾਵਿ-ਸੰਗ੍ਰਿਹ 'ਕਾਫ਼ਲੇ', 'ਰੱਤੜੇ ਫੁੱਲ' ਅਤੇ 'ਨਾਗ ਦੀ ਮੌਤ' ਛਪ ਚੁੱਕੇ ਹਨ। ਇਕਬਾਲ ਖਾਨ ਇਕ ਜੁਝਾਰਵਾਦੀ ਕਵੀ ਹੈ। ਉਸਨੇ ਆਪਣੇ ਜੀਵਨ ਵਿੱਚ ਜਿਸ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਢਾਂਚੇ ਨੂੰ ਵੇਖਿਆ ਤੇ ਅਨੁਭਵ ਕੀਤਾ ਹੈ, ਉਸੇ ਦੀ ਪੇਸ਼ਕਾਰੀ ਉਹ ਆਪਣੀਆਂ ਕਵਿਤਾਵਾਂ ਅੰਦਰ ਕਰਦਾ ਹੈ। ਇਕਬਾਲ ਰੂਸ ਵਿੱਚ ਉਸਰੇ ਸਮਾਜਵਾਦੀ ਢਾਂਚੇ ਤੋਂ ਪ੍ਰਭਾਵਿਤ ਸੀ। ਉਹ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ ਸਮਾਜਵਾਦੀ ਢਾਂਚੇ ਵਿੱਚੋਂ ਤਲਾਸ਼ਣ ਦਾ ਯਤਨ ਕਰਦਾ ਹੈ ਪਰੰਤੂ ਸੋਵੀਅਤ ਸੰਘ ਦੇ ਢਹਿ-ਢੇਰੀ ਹੋ ਜਾਣ ਤੋਂ ਬਾਅਦ ਕਵੀ ਦਾ ਮਨ ਡਾਹਢੀ ਪੀੜ ਨਾਲ ਕੁਰਲਾ ਉੱਠਦਾ ਹੈ ਜਿਸਦੀ ਪੇਸ਼ਕਾਰੀ ਉਹ ਆਪਣੀਆਂ ਕਵਿਤਾਵਾਂ ਅੰਦਰ ਕਰਦਾ ਹੈ।

ਇਕਬਾਲ ਖਾਨ ਪਰਵਾਸੀ ਜੀਵਨ ਦੀਆਂ ਤਲਖ ਹਕੀਕਤਾਂ ਤੋਂ ਭਲੀਭਾਂਤ ਜਾਣੂ ਹੈ। ਉਹ ਸਮਝਦਾ ਹੈ ਕਿ ਪਰਵਾਸੀ ਜੀਵਨ ਜੀਅ ਰਿਹਾ ਵਿਅਕਤੀ ਦੁਬਿਧਾਮਈ ਜੀਵਨ ਕਿਉਂ ਜੀਅ ਰਿਹਾ ਹੈ। ਉਹ ਦੇਸ਼ ਅਤੇ ਵਿਦੇਸ਼ ਵਿੱਚ ਰਹਿ ਰਹੇ ਸਧਾਰਨ ਵਿਅਕਤੀ ਦੀਆਂ ਕਠੋਰ ਪ੍ਰਸਥਿਤੀਆਂ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਕਰਦਾ ਹੈ। ਉਹ ਵਿਅਕਤੀਗਤ ਪੀੜ ਦੀ ਥਾਂ ਸਮੂਹਕ ਪੀੜ ਨੂੰ ਸਮਝਦਾ ਹੋਇਆ ਇਸਦਾ ਸਮੂਹਕ ਹੱਲ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਕਵੀ ਦੀ ਇਹ ਖਾਸੀਅਤ ਹੈ ਕਿ ਉਹ ਆਪਣੀਆਂ ਕਵਿਤਾਵਾਂ ਅੰਦਰ ਕੇਵਲ ਪਰਵਾਸੀ ਲੋਕਾਂ ਨਾਲ ਹੁੰਦੇ ਅਨਿਆਂ ਅਤੇ ਵਿਤਕਰੇ ਦੀ ਹੀ ਗੱਲ ਨਹੀਂ ਕਰਦਾ ਬਲਕਿ ਇੱਥੋਂ ਦੇ ਮੂਲ ਵਾਸੀ ਰੈੱਡ ਇੰਡੀਅਨਜ਼ (Red Indians) ਨਾਲ ਹੁੰਦੇ ਨਸਲੀ ਭੇਦਭਾਵ ਦੀ ਗੱਲ ਵੀ ਕਰਦਾ ਹੈ। ਉਹ ਮਨੁੱਖੀ ਅਧਿਕਾਰਾਂ ਦੀ ਤਰਜ਼ਮਾਨੀ ਕਰਨ ਵਾਲਾ ਸ਼ਾਇਰ ਹੈ। ਕਵੀ ਪੰਜਾਬ ਅਤੇ ਪੰਜਾਬੀ ਰਹਿਤਲ ਨਾਲ ਭਾਵਨਾਤਮਕ ਤੌਰ ਤੇ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਉਸਦੀ ਸ਼ਾਇਰੀ ਪੰਜਾਬ ਤ੍ਰਾਸਦੀ ਦਾ ਸੰਤਾਪ ਝੱਲ ਰਹੇ ਲੋਕਾਂ ਦੀ ਅੰਤਰ ਵੇਦਨਾ ਨੂੰ ਕਰੁਣਾਮਈ ਢੰਗ ਪੇਸ਼ ਕਰਦੀ ਹੈ। ਉਹ ਪੰਜਾਬ ਦੇ ਰਾਜਨੀਤਿਕ ਪ੍ਰਬੰਧ ਨੂੰ ਇਸ ਸੰਤਾਪ ਲਈ ਜ਼ਿੰਮੇਵਾਰ ਮੰਨਦਾ ਹੈ। ਸਮਾਜਵਾਦੀ ਦ੍ਰਿਸ਼ਟੀ ਦਾ ਧਾਰਨੀ ਹੋਣ ਕਰਕੇ ਕਵੀ ਪੰਜਾਬ ਦੇ ਇਸ ਰਾਜਪ੍ਰਬੰਧ ਦੀ ਪੁਨਰ-ਉਸਾਰੀ ਵਿੱਚੋਂ ਹੀ ਇਸ ਸਮੱਸਿਆ ਦੇ ਖਤਮ ਹੋਣ ਦੀ ਗੱਲ ਕਰਦਾ ਹੈ:

ਹੁਣ ਜਦ ਝੂਠ ਦਾ ਅਕਾਸ਼ ਵੇਲ ਵਾਂਗ ਵਧਦਾ
ਨਾ ਬਰਦਾਸ਼ਤ ਕਰਦਿਆਂ
ਲਾਲ ਕਿਲ੍ਹਾ ਫੱਟ ਗਿਆ ਹੈ
ਝੂਠ ਦੀਆਂ ਕੈਂਕਰਾਂ ਨਾਲ
ਮਾਸਕੋ ਜਾਂ ਰੂਸ ਹੀ ਨਹੀਂ
ਸਗੋਂ ਸਾਰੀ ਦੁਨੀਆ ਹੀ ਪੱਛੀ ਗਈ ਹੈ[6]

ਉਹ ਸਮਝਦਾ ਹੈ ਕਿ ਸਮੱਸਿਆ ਦਾ ਹੱਲ ਸਮੱਸਿਆ ਨੂੰ ਸਮਝਣ ਤੋਂ ਬਗੈਰ ਨਹੀਂ ਹੋ ਸਕਦਾ। ਇਕਬਾਲ ਖਾਨ ਇਕ ਮਾਨਵਵਾਦੀ ਸ਼ਾਇਰ ਹੈ। ਉਹ ਸਮੁੱਚੀ ਲੋਕਾਈ ਦੇ ਦੁੱਖਾਂ-ਦਰਦਾਂ ਨੂੰ ਆਪਣਾ ਦੁੱਖ-ਦਰਦ ਮੰਨਦਾ ਹੈ। ਉਹ ਸੁਹਜ ਅਤੇ ਸੂਖ਼ਮਤਾ ਦਾ ਕਵੀ ਹੈ। ਇਕਬਾਲ ਖਾਨ ਲੋਕਾਂ ਨੂੰ ਸੰਘਰਸ਼ ਲਈ

ਤਿਆਰ ਕਰਨ ਲਈ ਬੰਦੂਕ ਦੀ ਗੱਲ ਨਹੀਂ ਕਰਦਾ ਸਗੋਂ ਇਸ ਦੀ ਥਾਵੇਂ ਵਿਚਾਰ ਭਾਵ ਕਵਿਤਾ ਦੀ ਗੱਲ ਕਰਦਾ ਹੈ, ਜਿਸ ਵਿੱਚ ਜਾਗ੍ਰਿਤੀ ਦਾ ਸੰਦੇਸ਼ ਪਿਆ ਹੋਇਆ ਹੈ:-

ਸੰਘਰਸ਼ ਤਾਂ ਲੋਕ ਹੀ ਕਰਨਗੇ

ਜਾਚ ਸਿਖਾਊ ਕਵਿਤਾ

ਯੁੱਗ ਤਾਂ ਲੋਕ ਹੀ ਬਦਲਣਗੇ

ਯੁੱਧ ਸਿਖਾਊ ਕਵਿਤਾ

ਆ ਆਪਾਂ ਕਵਿਤਾ ਦੀ ਫ਼ਸਲ ਬੀਜੀਏ।[7]

ਕਵੀ ਬੰਦੂਕਾਂ ਦੀ ਥਾਂ ਵਿਚਾਰਾਂ ਨੂੰ ਵਧ ਤਾਕਤਵਰ ਮੰਨਦਾ ਹੈ। ਇਕਬਾਲ ਖਾਨ ਇਨ੍ਹਾਂ ਅਮਾਨਵੀ ਘਟਨਾਵਾਂ/ਪ੍ਰਸਥਿਤੀਆਂ ਪ੍ਰਤੀ ਲੋਕਾਂ ਨੂੰ ਚੇਤੰਨ ਕਰਨ ਲਈ ਸਾਹਿਤ ਵਿਸ਼ੇਸ਼ ਰੂਪ ਵਿੱਚ ਕਵਿਤਾ ਨੂੰ ਮਾਧਿਅਮ ਬਣਾਉਣ ਦੀ ਵਕਾਲਤ ਕਰਦਾ ਹੈ।

**ਚਰਨ ਸਿੰਘ**

ਚਰਨ ਸਿੰਘ ਕੈਨੇਡਾ ਦੀ ਪੰਜਾਬੀ ਕਵਿਤਾ ਦਾ ਇਕ ਪ੍ਰਮੁੱਖ ਸ਼ਾਇਰ ਹੈ। ਉਸਨੇ ਹੁਣ ਤੱਕ ਲੱਗਭਗ 66 ਕਾਵਿ-ਪੁਸਤਕਾਂ ਦੀ ਸਿਰਜਣਾ ਕਰਕੇ ਪੰਜਾਬੀ ਭਾਸ਼ਾ ਨਾਲ ਆਪਣੀ ਪ੍ਰਤਿਬੱਧਤਾ ਦਾ ਸਬੂਤ ਦਿੱਤਾ ਹੈ। ਉਸਦੇ ਪ੍ਰਮੁੱਖ ਕਾਵਿ-ਸੰਗ੍ਰਹਿ 'ਤੀਸਰੀ ਅੱਖ', 'ਮਿੱਟੀ 'ਚ ਉਕਰੇ ਅੱਖਰ', 'ਸ਼ੂਨੈਅ ਬੋਧ' ਅਤੇ 'ਆਪੇ ਬੋਲ ਸਰੋਤ' ਆਦਿ ਹਨ। ਉਸਦੀਆਂ ਕਵਿਤਾਵਾਂ ਪੰਜਾਬ, ਪੰਜਾਬੀ ਤੇ ਪੰਜਾਬੀ ਸੱਭਿਆਚਾਰ ਨਾਲ ਡੂੰਘੀ ਤਰ੍ਹਾਂ ਜੁੜੀਆਂ ਹੋਈਆਂ ਹਨ। ਉਸਦੀ ਸ਼ਾਇਰੀ ਭਾਰਤ/ਪੰਜਾਬ ਦੀਆਂ ਸਮਕਾਲੀਨ ਸਮਾਜਿਕ, ਰਾਜਨੀਤਕ. ਆਰਥਿਕ ਤੇ ਸੱਭਿਆਚਾਰਕ ਪ੍ਰਸਥਿਤੀਆਂ ਨਾਲ ਸੰਵਾਦ ਰਚਾਉਂਦੀ ਹੈ। ਉਸਦੀ ਕਵਿਤਾ ਮਾਨਵੀ ਜੀਵਨ ਨਾਲ ਸਬੰਧਤ ਹੈ। ਅਜੋਕੇ ਪੂੰਜੀਵਾਦੀ ਦੌਰ ਨੇ ਮਨੁੱਖ ਨੂੰ ਖੁਦਗਰਜ਼, ਆਤਮ ਕੇਂਦ੍ਰਿਤ ਤੇ ਉਪਭੋਗਤਾਵਾਦੀ ਰੁਚੀਆਂ ਦਾ ਧਾਰਨੀ ਬਣਾ ਦਿੱਤਾ ਹੈ ਜਿਸਦੇ ਸਿੱਟੇ ਵਜੋਂ ਮਨੁੱਖ ਇਨਸਾਨੀਅਤ ਤੋਂ ਭਟਕਦਾ ਜਾ ਰਿਹਾ ਹੈ। ਉਸਦੀ ਕਾਵਿ-ਦ੍ਰਿਸ਼ਟੀ ਮਨੁੱਖੀ ਜੀਵਨ ਦੀਆਂ ਮਹੀਨ ਤੇ ਸੂਖ਼ਮ ਪਰਤਾਂ ਨੂੰ ਫ਼ਰੋਲਦੀ ਹੋਈ ਆਪਣਾ ਕਾਵਿ ਪ੍ਰਯੋਜਨ ਸਾਕਾਰ ਕਰਦੀ ਹੈ। ਸਮਕਾਲ ਦਾ ਹਰ ਮਸਲਾ ਉਸਦੀ ਸ਼ਾਇਰੀ ਅੰਦਰ ਵਿਚਾਰਿਆ ਗਿਆ ਹੈ। ਚਰਨ ਸਿੰਘ ਦੀ ਕਵਿਤਾ ਪਦਾਰਥਵਾਦੀ ਯੁੱਗ ਵਿੱਚ ਧੁੰਦਲੀ ਪੈਂਦੀ ਜਾ ਰਹੀ ਅਜੋਕੇ ਮਨੁੱਖ ਦੀ ਤਸਵੀਰ ਨੂੰ

ਫ਼ੋਕਸ ਵਿੱਚ ਲੈਂਦੀ ਹੋਈ ਉਸਦੇ ਨਕਸ਼ ਘੜਣ ਦੀ ਕੋਸ਼ਿਸ਼ ਕਰਦੀ ਹੈ। ਕਵੀ ਆਪਣੀ ਗੱਲ ਆਦਮੀ ਤੋਂ ਸ਼ੁਰੂ ਕਰਦਾ ਹੈ ਅਤੇ ਵਿਸਤਰਿਤ ਰੂਪ ਵਿੱਚ ਸਮਾਜ ਅਤੇ ਬ੍ਰਹਿਮੰਡੀ ਵਰਤਾਰਿਆਂ ਨਾਲ ਜੋੜਦਾ ਹੋਇਆ ਆਪਣਾ ਕਾਵਿ ਸੰਵਾਦ ਅਗਾਂਹ ਤੋਰਦਾ ਹੈ:

ਆਦਮੀ 'ਚੋਂ
ਕਈ ਰਾਹਾਂ ਦਿਸ਼ਾਵਾਂ ਤੇ ਮੰਜ਼ਿਲਾਂ ਜਨਮੀਆਂ ਹਨ
ਜਿਵੇਂ ਬੀਜ 'ਚੋਂ ਰੁੱਖ
ਟਹਿਣੀਆਂ ਪੱਤੇ ਫੁੱਲ ਫੁਲ ਜਨਮਦੇ ਹਨ
ਪਰ ਆਦਮੀ ਸਵੈ ਆਪਣੇ ਪ੍ਰਯੋਜਨ ਤੋਂ ਦਿਸ਼ਾਹੀਣ ਰਿਹਾ ਹੈ
ਤੇ ਆਪਣੇ ਖਿਲਾਫ਼ ਤੁਰਦਾ ਤੁਰਦਾ
ਮਨੁੱਖਤਾ ਵੱਲ ਪਿੱਠ ਕਰਕੇ ਬਹਿ ਗਿਆ ਹੈ।[8]

ਚਰਨ ਸਿੰਘ ਬਹੁਪਰਤੀ ਪ੍ਰਵਚਨ ਦਾ ਧਾਰਨੀ ਹੈ। ਉਸਦੀ ਕਵਿਤਾ ਜਿੱਥੇ ਮਨੁੱਖ ਦੇ ਅੰਤਰੀਵੀ ਸੰਸਾਰ ਦੀ ਬਾਤ ਪਾਉਂਦੀ ਹੈ, ਉਸਦੇ ਨਾਲ ਹੀ ਉਹ ਮਨੁੱਖੀ ਸਮਾਜ-ਸਭਿਆਚਾਰ ਦੀਆਂ ਤੈਹਾਂ ਨੂੰ ਫਰੋਲਦਾ ਹੋਇਆ ਇਸਦੀ ਸੰਰਚਨਾ ਵਿੱਚ ਪਏ ਹੋਏ ਮੂਲ ਤੱਤਾਂ ਨੂੰ ਪਛਾਨਣ ਦਾ ਯਤਨ ਕਰਦਾ ਹੈ। ਇਹ ਜਿੱਥੇ ਮਨੁੱਖ ਦੀ ਹੋਂਦ ਅਤੇ ਹੋਣੀ ਨੂੰ ਨਿਰਧਾਰਤ ਕਰਨ ਵਾਲੇ ਸਮਾਜਿਕ ਸੱਭਿਆਚਾਰਕ ਵਰਤਾਰਿਆਂ ਦੀ ਨਿਸ਼ਾਨਦੇਹੀ ਕਰਨ ਵੱਲ ਰੁਚਿਤ ਹੁੰਦੀ ਹੈ, ਉਸਦੇ ਨਾਲ ਹੀ ਮਨੁੱਖੀ ਜੀਵਨ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਵਾਲੇ ਵਾਹਕ ਨੂੰ ਆਪਣੇ ਕਾਵਿ-ਵਸਤੂ ਵਜੋਂ ਪ੍ਰਵਾਹਿਤ ਕਰਨ ਦਾ ਯਤਨ ਵੀ ਕਰਦੀ ਹੈ। ਚਰਨ ਸਿੰਘ ਦੀ ਕਵਿਤਾ ਦਾ ਇਹ ਹਾਸਿਲ ਹੈ ਕਿ ਉਸਦੀ ਕਵਿਤਾ ਭਾਵੇਂ ਵੱਖ-ਵੱਖ ਬ੍ਰਹਿਮੰਡੀ ਵਰਤਾਰਿਆਂ ਨੂੰ ਮਨੁੱਖੀ ਜਗਤ ਦੇ ਪ੍ਰਸੰਗ ਵਿੱਚ ਪ੍ਰੀਭਾਸ਼ਤ ਕਰਨ ਦਾ ਯਤਨ ਕਰਦੀ ਹੈ, ਪਰੰਤੂ ਇਸ ਦੇ ਬਾਵਜੂਦ ਵੀ ਇਸਦੀ ਸੁਰ ਮਾਨਵਵਾਦੀ ਬਣੀ ਰਹਿੰਦੀ ਹੈ। ਉਹ ਗਿਆਨ ਵਿਗਿਆਨ ਅਤੇ ਪ੍ਰਕ੍ਰਿਤੀ ਦੇ ਰਹੱਸਮਈ ਵਰਤਾਰਿਆਂ ਨੂੰ ਤਰਕ ਦੀ ਕਸੌਟੀ ਤੇ ਪਰਖ਼ਦਾ ਹੋਇਆ ਆਪਣੀ ਕਵਿਤਾ ਨੂੰ ਨਵੇਂ ਅਰਥ ਦੇਣ ਦੇ ਯਤਨ ਕਰਦਾ ਹੈ। ਇਸ ਵਿੱਚ ਮਨੁੱਖੀ ਜੀਵਨ ਦੇ ਵੱਖ-ਵੱਖ ਪਾਸਾਰ ਦਰਸ਼ਨ ਰੂਪੀ ਡੂੰਘੀਆਂ ਰਮਜ਼ਾਂ ਦੇ ਰੂਪ ਵਿੱਚ ਪਛਾਣੇ ਜਾ ਸਕਦੇ ਹਨ।

ਮੈਂ ਚੁਲ੍ਹੇ 'ਚ ਬਲਦੀ ਅੱਗ

ਤਵੇ ਤੇ ਪੱਕਦੀ ਰੋਟੀ ਵੀ ਹਾਂ

ਕੁੰਨੀ 'ਚ ਰਿਝਦਾ ਮੇਰਾ ਹੀ ਵਜੂਦ ਹੈ

ਏਕੇ ਤੋਂ ਸਿਫ਼ਰਿਆਂ ਤੱਕ

ਮੇਰਾ ਆਪਾ ਮੌਜੂਦ ਹੈ[9]

ਚਰਨ ਸਿੰਘ ਭਾਵੇਂ ਕਿਸੇ ਵੀ ਸਮੱਸਿਆ ਜਾਂ ਵਰਤਾਰੇ ਦੀ ਗੱਲ ਕਰ ਰਿਹਾ ਹੋਵੇ, ਉਸਦੀ ਕਵਿਤਾ ਦਾ ਸਮਾਜਿਕ ਅਧਾਰ ਉਵੇਂ ਹੀ ਕਾਇਮ ਰਹਿੰਦਾ ਹੈ। ਜੇਕਰ ਉਪਰੋਕਤ ਕਵੀਆਂ ਦੀ ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਨਾਲ ਤੁਲਨਾ ਕੀਤੀ ਜਾਵੇ ਤਾਂ ਉਸਦਾ ਕੈਨੇਡਾ ਦੀ ਪੰਜਾਬੀ ਕਵਿਤਾ ਵਿੱਚ ਇਕ ਵੱਖਰਾ ਮੁਹਾਂਦਰਾ ਬਣਦਾ ਪ੍ਰਤੀਤ ਹੁੰਦਾ ਹੈ।

**ਪਿਆਰਾ ਸਿੰਘ ਕੁੱਦੋਵਾਲ**

ਪਿਆਰਾ ਸਿੰਘ ਕੁੱਦੋਵਾਲ ਕੈਨੇਡਾ ਦੀ ਪੰਜਾਬੀ ਕਵਿਤਾ ਦਾ ਇਕ ਸਮਰੱਥ ਸ਼ਾਇਰ ਹੈ। ਉਸਦੀਆਂ ਹੁਣ ਤੱਕ ਦੋ ਕਾਵਿ-ਪੁਸਤਕਾਂ 'ਸਮਿਆਂ ਤੋਂ ਪਾਰ' ਤੇ 'ਸੂਰਜ ਨਹੀਂ ਮੋਇਆ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਹ ਅਜੋਕੇ ਦੌਰ ਵਿੱਚ ਆਪਣੀ ਸ਼ਾਇਰੀ ਰਾਹੀਂ ਮਨੁੱਖੀ ਹੋਂਦ ਨੂੰ ਦਰਪੇਸ਼ ਵਿਭਿੰਨ ਕਿਸਮ ਦੇ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਉਹਨਾਂ ਪ੍ਰਤੀ ਆਪਣਾ ਕਾਵਿਕ ਪ੍ਰਤੀਕਰਮ ਦੇਣ ਦਾ ਯਤਨ ਕਰਦਾ ਹੈ। ਉਸਦੇ ਮਾਨਵੀ ਸੰਕਲਪ ਦੀ ਦ੍ਰਿੜਤਾ ਹੀ ਉਸਨੂੰ ਹੋਰਨਾਂ ਕਵੀਆਂ ਨਾਲੋਂ ਵੱਖਰਾਉਂਦੀ ਹੈ। ਪਿਆਰਾ ਸਿੰਘ ਕੁੱਦੋਵਾਲ ਕਈ ਦਹਾਕਿਆਂ ਤੋਂ ਪੱਛਮ ਦੇ ਵਿਕਸਿਤ ਮੁਲਕ ਅੰਦਰ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਵੱਖਰੇ-ਵੱਖਰੇ ਮੁਲਕਾਂ ਦੀ ਸੈਰ ਅਤੇ ਪਰਵਾਸੀ ਜੀਵਨ ਦੀਆਂ ਤਲਖ ਹਕੀਕਤਾਂ ਨੇ ਉਸਦੇ ਜੀਵਨ ਅਨੁਭਵ ਨੂੰ ਵਿਸ਼ਾਲ ਅਤੇ ਗੰਭੀਰ ਬਣਾਇਆ ਹੈ ਜਿਸਦੀ ਪੇਸ਼ਕਾਰੀ ਉਹ ਆਪਣੀਆਂ ਕਵਿਤਾਵਾਂ ਅੰਦਰ ਥਾਂ-ਥਾਂ ਤੇ ਕਰਦਾ ਹੈ। ਸਮੁੱਚੀ ਮਾਨਵਤਾ ਨੂੰ ਪਰਨਾਇਆ ਹੋਇਆ ਉਸਦਾ ਕਾਵਿ-ਕਰਮ ਮਜ਼ਲੂਮ ਅਤੇ ਕਿਰਤੀ ਲੋਕਾਂ ਦੀ ਧਿਰ ਬਣਦਾ ਹੈ:

ਕਦੋਂ ਤੱਕ ਤੂੰ ਸੁੱਤਾ ਰਹਿ ਕੇ, ਕਿਰਤ ਲੁਟਾਈ ਜਾਣੀ ।

ਉੱਠ ਕਿਰਤੀਆਂ, ਉੱਠ ਮਜ਼ਦੂਰਾ, ਉੱਠ ਕਿਸਾਨਾ ਜਾਗ ।

ਕੁੱਦੋਵਾਲ ਵੀ ਨਾਲ ਹੈ ਤੇਰੇ, ਇੱਕ ਤੋਂ ਹੋਏ ਗਿਆਰਾਂ ।

ਮਾਨਵਤਾ ਹੈ ਸੱਭ ਤੋਂ ਉੱਪਰ, ਛੇੜ ਨਵਾਂ ਇਹ ਰਾਗ ।[10]

ਉਸਦੀ ਸ਼ਾਇਰੀ ਅਵਾਸ ਪਰਵਾਸ ਦੇ ਨਿੱਜੀ ਸਰੋਕਾਰਾਂ ਤੋਂ ਅੱਗੇ ਜਾਂਦੀ ਹੋਈ ਵਿਸ਼ਵੀ ਸੰਕਟਾਂ ਨੂੰ ਆਪਣੇ ਕਲਾਵੇ ਵਿੱਚ ਲੈਣ ਦਾ ਯਤਨ ਕਰਦੀ ਹੈ। ਉਹ ਆਪਣੇ ਨਿੱਜੀ ਹਿੱਤਾਂ ਲਈ ਸਮੁੱਚੀ ਮਾਨਵਤਾ ਨੂੰ ਨਫ਼ਰਤ ਦੀ ਅੱਗ ਵਿੱਚ ਝੋਕ ਦੇਣ ਵਾਲੀਆਂ ਫਿਰਕੂ ਤਾਕਤਾਂ ਨੂੰ ਬੇਨਕਾਬ ਕਰਦਾ ਹੈ। ਪਿਆਰਾ ਸਿੰਘ ਕੁੱਦੋਵਾਲ ਪੂੰਜੀਵਾਦ ਦੇ ਉਸ ਚਿਹਰੇ ਨੂੰ ਬੇਪਰਦ ਕਰਨ ਦਾ ਯਤਨ ਕਰਦਾ ਹੈ ਜਿਸਦੇ ਕੇਂਦਰ ਵਿੱਚ ਸਿਰਫ ਮੁਨਾਫ਼ਾ ਹੀ ਮੁਨਾਫ਼ਾ ਹੈ। ਉਸਦੀ ਕਾਵਿ-ਦ੍ਰਿਸ਼ਟੀ ਅੰਤਰਰਾਸ਼ਟਰੀ ਸਰੋਕਾਰਾਂ ਦੀ ਧਾਰਨੀ ਹੈ। ਉਸਦੀ ਕਲਮ ਇਰਾਕ ਹਮਲੇ ਦੌਰਾਨ ਮਾਰੇ ਗਏ ਤੇ ਜਖਮੀ ਹੋਏ ਬੇਕਸੂਰ ਲੋਕਾਂ ਦੀ ਅੰਤਰਵੇਦਨਾ ਨੂੰ ਵੀ ਬਾਖੂਬੀ ਪੇਸ਼ ਕਰਦੀ ਹੈ:

ਅਫ਼ਗਾਨੀਸਤਾਨ ਤੇ ਬੇਵਜਾਹ ਕਾਬੂ

ਲਿਬਨਾਨੀ ਸ਼ਹਿਰ ਫ਼ਲੂਜਾ ਉੱਤੇ

ਗਵਾਂਡੀ ਮੁਲਕ ਇਸਰਾਇਲ ਵੱਲੋਂ

ਹਵਾਈ ਹਮਲਾ

ਪਰਿਵਾਰਾਂ ਦੇ ਪਰਿਵਾਰ

ਪਲਾਂ ਛਿਣਾਂ ਵਿੱਚ

ਬੜੀਆਂ ਰੀਝਾਂ ਨਾਲ ਬਣਾਏ

ਆਪਣੇ ਹੀ ਘਰਾਂ ਵਿੱਚ ਹੀ ਦਫ਼ਨ

ਘਰ ਕਿ ਕਬਰ

ਕੀ ਫਰਕ ਕੀ ਕਦਰ[11]

ਆਪਣੀ ਨਜ਼ਰਗਿਰੀ ਰਾਹੀਂ ਜਿੱਥੇ ਉਹ ਅੰਤਰ ਰਾਸ਼ਟਰੀ ਮਸਲਿਆਂ ਦੀ ਗੱਲ ਕਰਦਾ ਹੈ। ਉੱਥੇ ਹੀ ਉਹ ਕੇਵਲ ਪੰਜਾਬ ਦੀ ਹੀ ਨਹੀਂ ਬਲਕਿ ਦੁਨੀਆਂ ਦੇ ਹਰ ਕੋਨੇ ਅੰਦਰ ਫ਼ੈਲੀ ਨਸ਼ਾਖੋਰੀ ਅਤੇ ਨਸ਼ੇ ਦੇ ਵਪਾਰ ਵਰਗੀ ਭੈੜੀ ਅਲਾਮਤ ਦਾ ਵਿਰੋਧ ਵੀ ਕਰਦਾ ਹੈ। ਅਮਰੀਕਾ, ਕੈਨੇਡਾ ਵਰਗੇ ਪੂੰਜੀਵਾਦੀ ਮੁਲਕਾਂ

ਵਿੱਚ ਖਪਤਵਾਦੀ ਸੱਭਿਆਚਾਰ ਦੇ ਪਾਸਾਰ ਸਦਕਾ ਮਨੁੱਖ ਵਿੱਚ ਹਰ ਸ਼ੈਅ ਦੇ ਨਾਲ-ਨਾਲ ਰਿਸ਼ਤਿਆਂ ਨੂੰ ਨਿਭਾਉਣ ਦੀ ਬਜਾਇ ਭੋਗਣ ਦੀ ਪ੍ਰਵਿਰਤੀ ਭਾਰੂ ਹੁੰਦੀ ਜਾ ਰਹੀ ਹੈ ਜਿਸ ਕਾਰਨ ਲੋਕਾਂ ਵਿੱਚ ਇਕੱਲਤਾ ਦਾ ਅਹਿਸਾਸ ਵਧਦਾ ਜਾ ਰਿਹਾ ਹੈ। ਇਸਦੇ ਨਾਲ ਹੀ ਉਹ ਵਿਸ਼ਵ ਸ਼ਕਤੀਆਂ ਵੱਲੋਂ ਗਰੀਬ ਮੁਲਕਾਂ ਦੀ ਅੰਨ੍ਹੀ ਲੁੱਟ ਅਤੇ ਤਬਾਹੀ ਦਾ ਮੁੱਦਾ ਵੀ ਆਪਣੀ ਕਵਿਤਾ ਰਾਹੀਂ ਉਠਾਉਂਦਾ ਹੈ। ਸਮੁੱਚੇ ਰੂਪ ਵਿੱਚ ਪਿਆਰਾ ਸਿੰਘ ਕੁੱਦੋਵਾਲ ਦੀ ਸ਼ਾਇਰੀ ਦਾ ਅਧਿਐਨ ਕਰਦਿਆਂ ਇਹ ਗੱਲ ਉੱਭਰਕੇ ਸਾਹਮਣੇ ਆਉਂਦੀ ਹੈ ਕਿ ਉਪਰੋਕਤ ਚਰਚਾ ਅਧੀਨ ਆਏ ਸ਼ਾਇਰਾਂ ਦੀ ਤੁਲਨਾ ਵਿੱਚ ਉਹ ਨਿਰੋਲ ਰੂਪ ਵਿੱਚ ਮਾਨਵਵਾਦੀ ਕਵੀ ਹੈ। ਉਸਦੀ ਸਮੁੱਚੀ ਸ਼ਾਇਰੀ ਮਨੁੱਖ ਅਤੇ ਸਮਾਜ ਨੂੰ ਕੇਂਦਰ ਵਿੱਚ ਰੱਖਦੀ ਹੋਈ ਇਨ੍ਹਾਂ ਨਾਲ ਜੁੜੇ ਮਸਲਿਆਂ ਨਾਲ ਸੰਵਾਦ ਰਚਾਉਂਦੀ ਹੈ ਅਤੇ ਇਨ੍ਹਾਂ ਮਸਲਿਆਂ ਦਾ ਕੋਈ ਸਾਰਥਕ ਹੱਲ ਤਲਾਸ਼ਣ ਦਾ ਯਤਨ ਕਰਦੀ ਹੈ। ਉੱਥੇ ਨਾਲ ਹੀ ਦੂਜੇ ਪਾਸੇ ਜੇਕਰ ਅਸੀਂ ਪਿਆਰਾ ਸਿੰਘ ਕੁੱਦੋਵਾਲ ਦੇ ਸਮਾਨਾਂਤਰ ਕਾਵਿ ਸਿਰਜਣਾ ਕਰ ਰਹੇ ਕੈਨੇਡੀਅਨ ਕਵੀਆਂ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਕਵੀਆਂ ਵੱਲੋਂ ਸਿਰਜੀ ਜਾ ਰਹੀ ਕਵਿਤਾ ਦੀ ਮੂਲ ਸੁਰ ਜਿੱਥੇ ਪਰਵਾਸੀ ਸੰਕਟ ਤੇ ਸਮੱਸਿਆਵਾਂ ਦੀ ਗੱਲ ਕਰਦੀ ਹੈ, ਉਥੇ ਨਾਲ ਹੀ ਇਨ੍ਹਾਂ ਸ਼ਾਇਰਾਂ ਦਾ ਕਲਾਮ ਬ੍ਰਹਿਮੰਡੀ ਚੇਤਨਾ ਨਾਲ ਵੀ ਜਾ ਜੁੜਦਾ ਹੈ। ਪਰੰਤੂ ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਬ੍ਰਹਿਮੰਡੀ ਵਰਤਾਰਿਆਂ ਦੀ ਥਾਂ ਮਨੁੱਖ ਦੇ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦੀ ਹੋਈ ਇਨ੍ਹਾਂ ਦਾ ਹੱਲ ਲੱਭਣ ਦਾ ਯਤਨ ਕਰਦੀ ਹੈ। ਉਹ ਪਰੰਪਰਿਕ ਮਸਲਿਆਂ ਜਿਵੇਂ ਭੂ-ਹੇਰਵਾ, ਸੱਭਿਆਚਾਰਕ ਤਣਾਓ, ਪੀੜ੍ਹੀ-ਪਾੜਾ ਆਦਿ ਮਸਲਿਆਂ ਤੋਂ ਉੱਪਰ ਉੱਠਿਆ ਸ਼ਾਇਰ ਹੈ। ਉਸਨੂੰ ਧਰਤੀ ਦਾ ਕਵੀ ਵੀ ਆਖ ਸਕਦੇ ਹਾਂ। ਉਹ ਅਜੋਕੇ ਮਨੁੱਖ ਦੇ ਅਸਤਿਤਵੀ ਸੰਕਟਾਂ ਨੂੰ ਮੁੱਖ ਰੱਖਕੇ ਕਾਵਿ ਰਚਨਾ ਕਰਦਾ ਹੈ। ਉਹ ਕਾਵਿ-ਰਚਨਾ ਕਰਦਿਆਂ ਉਲਾਰ ਨਹੀਂ ਹੁੰਦਾ ਸਗੋਂ ਜੀਵਨ ਦੇ ਅਸਲ ਯਥਾਰਥ ਨੂੰ ਫੜਨ ਦਾ ਯਤਨ ਕਰਦਾ ਹੈ। ਕੁੱਦੋਵਾਲ ਮੂਲ ਰੂਪ ਵਿੱਚ ਪ੍ਰਗਤੀਸ਼ੀਲ ਦ੍ਰਿਸ਼ਟੀ ਦਾ ਧਾਰਨੀ ਹੈ। ਉਸਦੀ ਕਵਿਤਾ ਸਮਾਜ ਨੂੰ ਬਦਲਣ ਦੀ ਗੱਲ ਕਰਦੀ ਹੈ। ਉਹ ਕੇਵਲ ਪਰਵਾਸ ਦੀਆਂ ਦੁਸ਼ਵਾਰੀਆਂ ਅਤੇ ਬੇਤਰਤੀਬੀਆਂ ਦੀ ਗੱਲ ਹੀ ਨਹੀਂ ਕਰਦਾ ਸਗੋਂ ਅਜੋਕੇ ਦੌਰ ਵਿੱਚ ਪੰਜਾਬੀ ਬੰਦੇ ਦੇ ਦਰਪੇਸ਼ ਚੁਣੌਤੀਆਂ ਅਤੇ ਵੰਗਾਰਾਂ ਨੂੰ ਵੀ ਆਪਣੀ ਕਾਵਿ ਚੇਤਨਾ ਦਾ ਹਿੱਸਾ ਬਣਾਉਂਦਾ ਹੈ। ਇਹੀ ਕਾਰਨ ਹੈ ਕਿ ਉਹ ਪੱਛਮੀ ਮੁਲਕਾਂ ਦੇ ਸਾਮਰਾਜੀ ਏਜੰਡੇ ਦਾ ਵਿਰੋਧ ਕਰਦਾ ਹੋਇਆ ਇਨ੍ਹਾਂ ਦੁਆਰਾ ਸਤਾਏ ਹੋਏ ਅਤੇ ਸ਼ੋਸ਼ਿਤ ਮਨੁੱਖ ਦੇ ਹੱਕ ਵਿੱਚ ਖੜ੍ਹਦਾ ਹੈ। ਉਹ ਲੰਬੇ

ਸਮੇਂ ਤੋਂ ਪੱਛਮੀ ਮੁਲਕਾਂ ਵਿੱਚ ਵਿਚਰਦਾ ਹੋਇਆ ਆਪਣੀ ਤੁਲਨਾ 'ਕਿੱਕਰ' ਦੇ ਰੁੱਖ ਨਾਲ ਕਰਦਾ ਹੈ। ਰੰਗਾਂ ਰੌਸ਼ਨੀਆਂ ਵਾਲੇ ਇਨ੍ਹਾਂ ਮੁਲਕਾਂ ਵਿੱਚ ਅਜੀਬ ਖਲਾਅ ਮਹਿਸੂਸ ਕਰਨਾ ਕੁੱਦੋਵਾਲ ਵਰਗੇ ਸੰਵੇਦਨਸ਼ੀਲ ਸ਼ਾਇਰ ਦੇ ਹਿੱਸੇ ਹੀ ਆਉਂਦਾ ਹੈ। ਉਸਦੀ ਕਵਿਤਾ ਵਿੱਚ ਅਜਿਹੇ ਅਨੇਕਾਂ ਹਵਾਲੇ ਆਉਂਦੇ ਹਨ ਜਿਹੜੇ ਕਿ ਮਾਨਵੀ ਮਨ ਨੂੰ ਹਲੂਣ ਸੁੱਟਦੇ ਹਨ। ਇਸ ਕਵਿਤਾ ਦੇ ਗਹਿਰ ਗੰਭੀਰ ਸਮਾਜਿਕ ਸਰੋਕਾਰ ਇਸ ਕਵਿਤਾ ਨੂੰ ਮਾਨਵੀ ਪ੍ਰਸੰਗਾਂ ਵਿੱਚ ਵਿਸ਼ੇਸ਼ ਸਥਾਨ ਪ੍ਰਦਾਨ ਕਰਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਨਵਤੇਜ ਭਾਰਤੀ, ਲੀਲ੍ਹਾ, ਰੇਨਵਰਡ ਪ੍ਰੈਸ, ਵੈਨਕੂਵਰ, ਲੰਡਨ, 1999, ਪੰਨਾ-32
2. ਗਿੱਲ ਮੋਰਾਂਵਾਲੀ, **ਉਲਟੀ ਗੰਗਾ ਵਹਿ ਤੁਰੀ,** ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 2012, ਪੰਨਾ-37
3. ਉਹੀ, ਪੰਨਾ-22
4. ਸੁਖਿੰਦਰ, **ਬਾਂਦਰ ਨਾਲ ਬਹਿਸ ਕੌਣ ਕਰੇ,** ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, ਪੰਨਾ-17
5. ਨਵਤੇਜ ਭਾਰਤੀ, ਲੀਲ੍ਹਾ, ਰੇਨਵਰਡ ਪ੍ਰੈਸ, ਵੈਨਕੂਵਰ, ਲੰਡਨ, 1999, ਪੰਨਾ-15
6. ਇਕਬਾਲ ਖਾਨ, **ਨਾਗ ਦੀ ਮੌਤ,** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ-87
7. ਉਹੀ, ਪੰਨਾ-38
8. ਚਰਨ ਸਿੰਘ, **ਬਿੰਦੂ ਤੇ ਦਾਇਰੇ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ**, 2009, **ਪੰਨਾ**-7
9. ਚਰਨ ਸਿੰਘ, **ਨੀਲਾ ਅਸਮਾਨ,** ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 2016, ਪੰਨਾ-10
10. ਪਿਆਰਾ ਸਿੰਘ ਕੁੱਦੋਵਾਲ, **ਸਮਿਆਂ ਤੋਂ ਪਾਰ,** ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2009, ਪੰਨਾ-44
11. ਪਿਆਰਾ ਸਿੰਘ ਕੁੱਦੋਵਾਲ, **ਸੂਰਜ ਨਹੀਂ ਮੋਇਆ,** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ-40

# ਸਾਰ ਤੇ ਸਥਾਪਨਾਵਾਂ

ਇਸ ਖੋਜ ਨਿਬੰਧ ਪਿਆਰਾ ਸਿੰਘ ਕੁੱਦੋਵਾਲ ਦੀ ਕਾਵਿ ਕਲਾ ਦੇ ਤਹਿਤ ਪਿਆਰਾ ਸਿੰਘ ਕੁੱਦੋਵਾਲ ਦੇ ਸਾਹਿਤ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਦਾ ਸਰਬਪੱਖੀ ਅਧਿਐਨ ਕਰਨ ਉਪਰੰਤ ਜੋ ਵਿਸ਼ੇਸ਼ ਧਾਰਨਾਵਾਂ ਤੇ ਸਿੱਟੇ ਉੱਭਰ ਕੇ ਸਾਹਮਣੇ ਆਏ ਹਨ, ਉਹ ਇਸ ਪ੍ਰਕਾਰ ਹਨ:

- ਪਿਆਰਾ ਸਿੰਘ ਕੁੱਦੋਵਾਲ ਪਰਵਾਸੀ ਪੰਜਾਬੀ ਕਵਿਤਾ ਦਾ ਇਕ ਨਿਵੇਕਲਾ ਸ਼ਾਇਰ ਹੈ। ਉਸਨੇ ਹੁਣ ਤੱਕ ਆਪਣੀਆਂ ਦੋ ਕਾਵਿ ਪੁਸਤਕਾਂ ਅਤੇ ਇਕ ਨਾਟਕ ਸਰਹਿੰਦ ਫ਼ਤਿਹ ਦੀ ਸਿਰਜਣਾ ਨਾਲ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ ਹੈ। ਉਸਦੇ ਕਾਵਿ ਜਗਤ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਦੀਆਂ ਕਵਿਤਾਵਾਂ ਵਿਭਿੰਨ ਕਿਸਮ ਦੇ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਮਸਲਿਆਂ ਨਾਲ ਸੰਵਾਦ ਰਚਾਉਂਦੀਆਂ ਹਨ। ਉਹ ਆਪਣੀ ਕਵਿਤਾ ਵਿੱਚ ਪੱਛਮੀ ਸਮਾਜ ਸੱਭਿਆਚਾਰ ਦੀਆਂ ਦੁਸ਼ਵਾਰੀਆਂ ਅਤੇ ਚੁਣੌਤੀਆਂ ਨੂੰ ਚਿਤਰਤ ਕਰਦਾ ਹੋਇਆ ਉੱਥੋਂ ਦੇ ਸ਼ੋਸ਼ਣੀ ਰਾਜਨੀਤਕ ਢਾਂਚੇ ਅਤੇ ਰਾਜਨੀਤਕ ਪ੍ਰਬੰਧ ਦੀਆਂ ਵੱਖ- ਵੱਖ ਪਰਤਾਂ ਨੂੰ ਉਜਾਗਰ ਕਰਦਾ ਹੈ। ਸਿਰਫ਼ ਇਹੀ ਨਹੀਂ, ਉਹ ਪੱਛਮੀ ਜੀਵਨ ਦੇ ਤਲਿਸਮ ਤੇ ਚਕਾਚੌਂਧ ਦੇ ਅੰਦਰਲੇ ਖੋਖਲੇਪਨ ਅਤੇ ਖਲਾਅ ਨੂੰ ਕਵਿਤਾ ਵਿੱਚ ਉਤਾਰਦਾ ਹੋਇਆ, ਇੱਥੋਂ ਦਾ ਕਰੂਰ ਯਥਾਰਥ ਬਿਆਨ ਕਰ ਜਾਂਦਾ ਹੈ। ਉਹ ਪ੍ਰਗਤੀਸ਼ੀਲ ਸੁਰ ਵਾਲਾ ਕਵੀ ਹੈ। ਉਸਦੀ ਕਵਿਤਾ ਥਾਂ ਥਾਂ ਤੇ ਤਿੱਖੀ ਸੁਰ ਦਾ ਪ੍ਰਗਟਾਵਾ ਕਰਦੀ ਹੈ। ਉਹ ਆਪਣੀ ਕਵਿਤਾ ਵਿੱਚ ਵਿਅੰਗ ਵਿਧੀ ਨੂੰ ਹਥਿਆਰ ਵਾਂਗ ਵਰਤਣ ਵਿੱਚ ਮਾਹਿਰ ਹੈ। ਉਹ ਆਪਣੇ ਇਤਿਹਾਸ ਅਤੇ ਮਿਥਿਹਾਸ ਵਿੱਚੋਂ ਸੇਧ ਲੈਂਦਾ ਹੋਇਆ ਵਰਤਮਾਨ ਦੌਰ ਦੀਆਂ ਸੰਕਟਕਾਲੀਨ ਪ੍ਰਸਥਿਤੀਆਂ ਤੇ ਗਹਿਰਾ ਚਿੰਤਨ-ਮੰਥਨ ਕਰਦਾ ਹੈ।
- ਉਸਦੀ ਸ਼ਾਇਰੀ ਨਿੱਜ ਤੋਂ ਪਾਰ ਜਾਂਦੀ ਹੋਈ ਸਮੁੱਚੀ ਮਾਨਵਤਾ ਦੇ ਦਰਪੇਸ਼ ਸੰਕਟਾਂ ਦੇ ਰੁਬਰੂ ਹੁੰਦੀ ਹੈ।
- ਪਿਆਰਾ ਸਿੰਘ ਕੁੱਦੋਵਾਲ ਦੀ ਕਵਿਤਾ ਭ੍ਰਿਸ਼ਟ ਰਾਜਸੀ ਤੰਤਰ ਦਾ ਖੰਡਣ ਕਰਦੀ ਹੋਈ ਇਸਦੇ ਸਾਜਿਸ਼ੀ ਪ੍ਰਪੰਚਾਂ ਨੂੰ ਬੜੀ ਬੇਬਾਕੀ ਨਾਲ ਉਘਾੜਦੀ ਹੈ। ਉਸਦੀ ਸ਼ਾਇਰੀ ਰਾਜਸੀ ਲੀਡਰਾਂ ਦੇ

ਮਾਨਵ ਵਿਰੋਧੀ ਕਿਰਦਾਰ ਨੂੰ ਨਸ਼ਰ ਕਰਦੀ ਹੋਈ ਇਸਦੇ ਖਿਲਾਫ਼ ਪੂਰੇ ਅਵਾਮ ਨੂੰ ਲਾਮਬੱਧ ਤੇ ਚੇਤਨ ਕਰਦੀ ਹੈ।

- ਉਸਦੀ ਕਵਿਤਾ ਪੂੰਜੀਵਾਦੀ ਪ੍ਰਬੰਧ ਦੇ ਤਜਾਰਤੀ ਸਿਸਟਮ ਦੀਆਂ ਪਰਤਾਂ ਖੋਲ੍ਹਦੀ ਹੋਈ ਇਸਦੇ ਮਾਰੂ ਪ੍ਰਭਾਵਾਂ ਦੀ ਪੇਸ਼ਕਾਰੀ ਬੜੇ ਸੂਖ਼ਮ ਤੇ ਚੇਤਨ ਰੂਪ ਵਿੱਚ ਕਰਦੀ ਹੈ।
- ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਣਾਇਆ ਹੋਇਆ ਇਕ ਪ੍ਰਤੀਬੱਧ ਸ਼ਾਇਰ ਹੈ। ਉਹ ਪੰਜਾਬੀ ਸਮਾਜ- ਸੱਭਿਆਚਾਰ ਦੀ  ਦਿਨੋ ਦਿਨ ਨਿੱਘਰਦੀ ਜਾ ਰਹੀ ਹਾਲਤ ਅਤੇ ਖੁਰਦੇ ਪ੍ਰਤੀਮਾਨਾਂ ਪ੍ਰਤੀ ਫਿਕਰਮੰਦੀ ਜ਼ਾਹਰ ਕਰਦਾ ਹੈ।
- ਉਸਦੀ ਸ਼ਾਇਰੀ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਉੱਪਰ ਫ਼ੈਲੇ ਭ੍ਰਿਸ਼ਟਾਚਾਰ , ਫ਼ਿਰਕਾਪ੍ਰਸਤੀ ਤੇ ਹਿੰਸਾ ਦੀ ਗੱਲ ਕਰਦੀ ਹੋਈ ਇਸਦੇ ਲਈ ਜ਼ਿੰਮੇਵਾਰ ਧਿਰਾਂ ਨੂੰ ਜੱਗ ਜ਼ਾਹਰ ਕਰਦੀ ਹੈ।
- ਉਸਦੀ ਸ਼ਾਇਰੀ ਮਾਨਵੀ ਸਰੋਕਾਰਾਂ ਦੀ ਪੇਸ਼ਕਾਰੀ ਕਰਦੀ ਹੋਈ ਮਨੁੱਖਤਾ ਨੂੰ ਸੰਕਟਗ੍ਰਸਤ ਸਥਿਤੀਆਂ ਵਿੱਚ ਪਹੁੰਚਾਉਣ ਵਾਲੀਆਂ ਤਾਕਤਾਂ ਨਾਲ ਦਸਤਪੰਜਾ ਲੈਣ ਲਈ ਜਨ-ਸਮੂਹ ਨੂੰ ਚੇਤਨ ਤੇ ਲਾਮਬੰਦ ਕਰਦੀ ਹੈ।
- ਮੁਖ-ਰੂਪ ਵਿੱਚ ਪਿਆਰਾ ਸਿੰਘ ਕੁੱਦੋਵਾਲ ਗਹਿਰ-ਗੰਭੀਰ ਮਾਨਵੀ ਮੁੱਲਾਂ ਅਤੇ ਸਰੋਕਾਰਾਂ ਵਾਲਾ ਕਵੀ ਹੈ। ਉਸਦੇ ਲੋਕ ਸਰੋਕਾਰ ਉਸਨੂੰ ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਪਛਾਣ ਪ੍ਰਦਾਨ ਕਰਦੇ ਹਨ। ਉਹ ਵਿਚਾਰਧਾਰਕ ਤੌਰ ਤੇ ਕਿਰਤੀ ਵਰਗ ਨਾਲ ਡਟ ਕੇ ਖੜਾ ਹੈ। ਉਸਦੀ ਕਵਿਤਾ ਕਲਾ ਤੇ ਵਿਚਾਰਧਾਰਾ ਪੱਖੋਂ ਸਮਾਜਿਕ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦੀ ਹੈ।
- ਇਸ ਕਵਿਤਾ ਵਿੱਚ ਸੰਵਾਦ ਦੀ ਕਲਾ ਜੁਗਤ ਇਸ ਕਵਿਤਾ ਨੂੰ ਮਾਨਣਯੋਗ ਤੇ ਅਰਥ ਭਰਪੂਰ ਬਣਾ ਦਿੰਦੀ ਹੈ।

# ਪੁਸਤਕ ਸੂਚੀ


1. ਸਰਬਜੀਤ ਸਿੰਘ (ਡਾ.) (ਸੰਪਾ), ***ਦਲਿਤ ਦ੍ਰਿਸ਼ਟੀ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004
2. ਉਹੀ, ***ਪੰਜਾਬੀ ਕਵਿਤਾ ਪ੍ਰਸੰਗ ਤੇ ਪ੍ਰਵਚਨ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014
3. ਸਤਿੰਦਰ ਸਿੰਘ, ***ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ***, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980
4. ਉਹੀ, ***ਵਿਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985
5. ਸੁਖਦੇਵ ਸਿੰਘ, ***ਕਾਵਿ ਸਰੋਕਾਰ***, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2007
6. ਉਹੀ, ***ਪੰਜਾਬੀ ਕਵਿਤਾ ਪੁਨਰ ਸੰਵਾਦ***, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2018
7. ਉਹੀ, ***ਪੰਜਾਬੀ ਕਵਿਤਾ ਦ੍ਰਿਸ਼ ਤੇ ਦ੍ਰਿਸ਼ਟੀ***, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2019
8. ਹਰਵਿੰਦਰ ਭੰਡਾਲ, ***ਸਮਕਾਲੀ ਪੰਜਾਬੀ ਕਵਿਤਾ ਪ੍ਰਵਚਨ ਤੇ ਪ੍ਰਸ਼ਨ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009
9. ਕਰਮਜੀਤ ਸਿੰਘ, ***ਆਧੁਨਿਕ ਪੰਜਾਬੀ ਕਾਵਿ ਧਰਾਵਾਂ ਦੇ ਵਿਚਾਰਧਾਰਾਈ ਆਧਾਰ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006
10. ਗੁਰਇਕਬਾਲ ਸਿੰਘ, ***ਆਧੁਨਿਕ ਪੰਜਾਬੀ ਕਵਿਤਾ ਵਿਹਾਰ ਤੇ ਵਿਵੇਚਨ***, ਚੇਤਨਾ ਪ੍ਰਕਾਸ਼ਨ ਲੁਧਿਆਣਾ, 2007
11. ਗੁਰਪ੍ਰੀਤ ਸਿੰਘ (ਡਾ.), ***ਆਧੁਨਿਕ ਪੰਜਾਬੀ ਕਵਿਤਾ ਅਤੇ ਅਲੰਕਾਰ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012
12. ਜਸਵਿੰਦਰ ਸਿੰਘ, ***ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009
13. ਤਸਕੀਨ, ***ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014
14. ਨੀਤੂ ਅਰੋੜਾ, ***ਸਮਕਾਲੀ ਪੰਜਾਬੀ ਕਵਿਤਾ ਪ੍ਰਤੀਰੋਧੀ ਪ੍ਰਵਚਨ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011

15. ਪ੍ਰੇਮ ਪ੍ਰਕਾਸ਼ ਸਿੰਘ, ***ਭਾਰਤੀ ਕਾਵਿ ਸ਼ਾਸਤ੍ਰ***, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2010

16. ਬਲਜੀਤ ਸਿੰਘ, ***ਨਾਰੀ ਕਾਵਿ ਚਿੰਤਨ***, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, 2015

17. ਮੋਹਨ ਤਿਆਗੀ (ਡਾ),***ਸਮਕਾਲੀ ਪੰਜਾਬੀ ਕਾਵਿ-ਅਧਿਐਨ (ਦ੍ਰਿਸ਼ ਤੇ ਦ੍ਰਿਸ਼ਟੀ)***, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2018

18. ਯੋਗਰਾਜ (ਡਾ), ***ਨਵੀਂ ਪੰਜਾਬੀ ਸ਼ਾਇਰੀ ਸਮਕਾਲੀ ਸੰਦਰਭ***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014

19. ਉਹੀ, ***ਨਵੀਂ ਪੰਜਾਬੀ ਕਵਿਤਾ ਪ੍ਰਤਿਰੋਧ ਦੇ ਨਵ-ਸੰਦਰਭ***, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2018

20. ਵਨੀਤਾ (ਡਾ.), ***ਨਾਰੀਵਾਦ ਤੇ ਸਾਹਿਤ***, ਅਜੰਤਾ ਬੁਕਸ ਇੰਟਰਨੈਸ਼ਨਲ, ਦਿੱਲੀ, 2000

21. ਫ਼ਰੈਡਰਿਕ ਏਂਗਲਜ਼, ***ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ***, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2017

**ਸੰਦਰਭ ਕੋਸ਼**

1. ਹਰਚੰਦ ਸਿੰਘ ਬੇਦੀ (ਡਾ.),***ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼ (ਭਾਗ ਤੀਜਾ)***, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007

2. ਉਹੀ,***ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼ (ਭਾਗ ਸੱਤਵਾਂ)***,ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2018

**ਮੈਗਜ਼ੀਨ**

1. ***ਸਮਦਰਸ਼ੀ***, ਅੰਕ-142, ਨਵੰਬਰ-ਦਸੰਬਰ, 2014